ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

**International Daily Newspaper & WEB TV**

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 12 ਫਰਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੬ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243





## ਕੇਜਰੀਵਾਲ ਦੇ 'ਸ਼ੀਸ਼ ਮਹਿਲ' ਮਾਮਲੇ 'ਚ ਦਿੱਲੀ ਸਰਕਾਰ ਸਖ਼ਤ: PWD ਤੋਂ ਮੰਗੀ ਹੁਣ ਤੱਕ ਦੀ ਰਿਪੋਰਟ

**ਨਵੀਂ ਦਿੱਲੀ, 16 ਫਰਵਰੀ (ਆਵਾਜ਼ਿ ਕੌਮ ਬਿਊਰੋ):-** ਦਿੱਲੀ ਸਰਕਾਰ ਨੇ ਲੋਕ ਨਿਰਮਾਣ ਵਿਭਾਗ ਨੂੰ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਾਬਕਾ ਸਰਕਾਰੀ ਰਿਹਾਇਸ਼, '6 ਫਲੈਗਸਟਾਫ ਰੋਡ', ਨਾਲ ਸਬੰਧਤ ਸਾਰੇ ਮਾਮਲਿਆਂ 'ਚ ਹੋਈ ਪ੍ਰਗਤੀ ਦਾ ਵੇਰਵਾ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਜ਼ਿਕਰਯੋਗ ਹੈ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇਸ ਬੰਗਲੇ ਨੂੰ 'ਸ਼ੀਸ਼ ਮਹਿਲ' ਦਾ ਨਾਮ ਦਿੱਤਾ ਸੀ ਅਤੇ ਦੋਸ਼ ਲਾਇਆ ਸੀ ਕਿ ਕੇਜਰੀਵਾਲ ਨੇ ਆਪਣੇ ਕਾਰਜਕਾਲ ਦੌਰਾਨ ਇਸ ਦੀ ਸਜਾਵਟ ਅਤੇ ਨਵੀਨੀਕਰਨ 'ਤੇ ਬਹੁਤ ਜ਼ਿਆਦਾ ਸਰਕਾਰੀ ਪੈਸਾ ਖਰਚ ਕੀਤਾ ਹੈ। ਮੁੱਖ ਮੰਤਰੀ ਦਫ਼ਤਰ ਨੇ ਪਿਛਲੇ ਇਕ ਸਾਲ 'ਚ ਹੋਈ ਜਾਂਚ ਦੀ ਪ੍ਰਗਤੀ ਦੇ ਨਾਲ-ਨਾਲ ਇਹ ਵੀ ਪੁੱਛਿਆ ਹੈ ਕਿ ਇਸ ਮਾਮਲੇ 'ਚ ਸ਼ਾਮਲ ਮੁਅੱਤਲ ਅਤੇ ਸੇਵਾਮੁਕਤ ਅਧਿਕਾਰੀਆਂ ਵਿਰੁੱਧ ਕੀ ਕਾਰਵਾਈ ਕੀਤੀ ਜਾ ਰਹੀ ਹੈ। PWD ਦੇ ਇਕ ਸੀਨੀਅਰ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ ਕਿ ਸਰਕਾਰ ਨੇ ਵਿਸਤ੍ਰਿਤ ਜਾਣਕਾਰੀ ਮੰਗੀ ਹੈ, ਜੋ ਕਿ ਉਪਲੱਬਧ ਕਰਵਾਈ ਜਾ ਰਹੀ ਹੈ। ਇਸ ਮਾਮਲੇ ਦੀ ਜਾਂਚ ਇਸ ਵੇਲੇ ਕੇਂਦਰੀ ਜਾਂਚ ਬਿਊਰੋ (329) ਵੱਲੋਂ ਕੀਤੀ ਜਾ ਰਹੀ ਹੈ। ਇਹ ਜਾਂਚ ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਦੀ ਸ਼ਿਕਾਇਤ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਸਾਲ 2022 'ਚ ਉਪ ਰਾਜਪਾਲ ਵੀ.ਕੇ. ਸਕਸੈਨਾ ਦੇ ਹੁਕਮਾਂ 'ਤੇ ਚੌਕਸੀ ਵਿਭਾਗ ਨੇ ਬੰਗਲੇ ਦੇ ਨਵੀਨੀਕਰਨ ਦੌਰਾਨ ਹੋਈਆਂ ਕਥਿਤ ਵਿੱਤੀ ਬੇਨਿਯਮੀਆਂ ਅਤੇ ਲਾਗਤ 'ਚ ਵਾਧੇ ਦੀ ਜਾਂਚ ਸ਼ੁਰੂ ਕੀਤੀ ਸੀ।

## ਰਾਜਸਥਾਨ ਦੇ ਭਿਵਾੜੀ 'ਚ ਵੱਡਾ ਹਾਦਸਾ

# ਕੈਮੀਕਲ ਫੈਕਟਰੀ 'ਚ ਧਮਾਕੇ ਦੌਰਾਨ ਜਿਊਂਦਾ ਸੜੇ 8 ਮਜਦੂਰ

**ਜੈਪੁਰ, 16 ਫਰਵਰੀ (ਆਵਾਜ਼ਿ ਕੌਮ ਬਿਊਰੋ):-** ਰਾਜਸਥਾਨ ਦੇ ਭਿਵਾੜੀ 'ਚ ਵੱਡਾ ਹਾਦਸਾ ਵਾਪਰਨ ਦੀ ਖ਼ਬਰ ਹੈ। ਕੈਮੀਕਲ ਫੈਕਟਰੀ 'ਚ ਹੋਏ ਭਿਆਨਕ ਧਮਾਕੇ ਵਿੱਚ 8 ਲੋਕ ਜਿਊਂਦਾ ਸੜ ਗਏ, ਜਦਕਿ ਕਈ ਜ਼ਖ਼ਮੀ ਹੋ ਗਏ ਹਨ। ਧਮਾਕਾ ਸੋਮਵਾਰ ਸਵੇਰੇ ਖੈਰਥਲ-ਤਿਜਾਰਾ ਦੇ ਖੁਸ਼ਖੇੜਾ ਕਰੌਲੀ ਉਦਯੋਗਿਕ ਖੇਤਰ ਵਿੱਚ ਸਥਿਤ ਇੱਕ ਕੈਮੀਕਲ ਫੈਕਟਰੀ ਵਿੱਚ ਹੋਇਆ। ਦੱਸਿਆ ਜਾ ਰਿਹਾ ਹੈ ਕਿ ਘਟਨਾ ਦੇ ਸਮੇਂ ਫੈਕਟਰੀ ਵਿੱਚ 20-25 ਮਜ਼ਦੂਰ ਕੰਮ ਕਰ ਰਹੇ ਸਨ। ਅੱਗ ਦੀਆਂ ਲਪਟਾਂ ਪਿੱਛੋਂ 10 ਤੋਂ ਵੱਧ ਲੋਕਾਂ ਦੇ ਅੰਦਰ ਫਸੇ ਹੋਣ ਦੀ ਖ਼ਬਰ ਹੈ। ਇਸ ਭਿਆਨਕ ਘਟਨਾ ਦੀ



ਸੂਚਨਾ ਮਿਲਦੇ ਹੀ ਖੁਸ਼ਖੇੜਾ ਫਾਇਰ ਸਟੇਸ਼ਨ ਅਤੇ ਭਿਵਾੜੀ ਰਿਕੋ ਸਟੇਸ਼ਨ ਤੋਂ ਅੱਗ ਬੁਝਾਊ ਗੱਡੀਆਂ ਮੌਕੇ 'ਤੇ ਪਹੁੰਚ ਗਈਆਂ। ਲਗਭਗ ਡੇਢ ਘੰਟੇ ਦੀ ਸਖ਼ਤ ਮਿਹਨਤ ਤੋਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ। ਤਿਜਾਰਾ ਦੇ ਡੀਐਸਪੀ ਸ਼ਿਵਰਾਜ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਭਿਵਾੜੀ ਦੇ ਐਸਪੀ ਅਤੇ ਏਡੀਐਮ ਦੇ ਵੀ ਜਲਦੀ ਹੀ ਪਹੁੰਚਣ ਦੀ ਉਮੀਦ ਹੈ। ਸੀਨੀਅਰ ਅਧਿਕਾਰੀਆਂ ਦੇ ਬਿਆਨ ਦੇਣ ਤੋਂ ਬਾਅਦ ਸਥਿਤੀ ਸਪੱਸ਼ਟ ਹੋ ਜਾਵੇਗੀ।' ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸੁਮਿਤਾ ਮਿਸ਼ਰਾ ਨੇ ਕਿਹਾ ਕਿ ਇੱਕ ਪੁਲਿਸ ਟੀਮ ਨੇ ਨਿਯਮਤ ਗਸ਼ਤ ਦੌਰਾਨ ਫੈਕਟਰੀ ਵਿੱਚ ਅੱਗ ਲੱਗੀ ਦੇਖੀ, ਅਤੇ ਬਚਾਅ ਕਾਰਜ ਸ਼ੁਰੂ ਕੀਤੇ ਗਏ। ਉਨ੍ਹਾਂ ਕਿਹਾ ਕਿ ਫੈਕਟਰੀ ਦੇ ਅੰਦਰ 9 ਲੋਕ ਫਸੇ ਹੋਏ ਸਨ। ਸਥਾਨਕ ਲੋਕਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਫੈਕਟਰੀ ਕਈ ਮਹੀਨਿਆਂ ਤੋਂ ਬੰਦ ਸੀ ਅਤੇ ਅਚਾਨਕ ਅੱਗ ਲੱਗ ਗਈ। ਫੈਕਟਰੀ ਵਿੱਚ ਗੱਤੇ ਦਾ ਵੱਡਾ ਭੰਡਾਰ ਸੀ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਫੈਕਟਰੀ ਵਿੱਚ 3 ਤੋਂ 4 ਜ਼ੋਰਦਾਰ ਧਮਾਕੇ ਹੋਏ ਅਤੇ ਉੱਥੇ ਅੱਗ ਲੱਗ ਗਈ। ਹਾਲਾਂਕਿ, ਅੱਗ ਲੱਗਣ ਦੇ ਕਾਰਨਾਂ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਹੈ।

## ਪਾਕਿਸਤਾਨ 'ਚ ਪੁਲਿਸ ਸਟੇਸ਼ਨ ਦੇ ਨੇੜੇ ਬੰਬ ਧਮਾਕਾ, ਇੱਕ ਬੱਚੇ ਸਣੇ ਦੋ ਜਣਿਆਂ ਦੀ ਮੌਤ ਅਤੇ 17 ਜ਼ਖਮੀ


**ਇਸਲਾਮਾਬਾਦ, 16 ਫਰਵਰੀ (ਆਵਾਜ਼ਿ ਕੌਮ ਬਿਊਰੋ):-** ਪਾਕਿਸਤਾਨ ਦੇ ਉੱਤਰ-ਪੱਛਮੀ ਖੇਤਰ ਦੇ ਪੁਲਿਸ ਸਟੇਸ਼ਨ ਦੇ ਨੇੜੇ ਬੰਬ ਧਮਾਕੇ ਵਿੱਚ ਇੱਕ ਬੱਚੇ ਸਣੇ ਦੋ ਜਣਿਆਂ ਦੀ ਮੌਤ ਹੋ ਗਈ ਅਤੇ 16 ਹੋਰ ਜ਼ਖ਼ਮੀ ਹੋ ਗਏ ਹਨ। ਸਥਾਨਕ ਪੁਲਿਸ ਅਨੁਸਾਰ ਇਹ ਧਮਾਕਾ ਉੱਤਰੀ ਵਜ਼ੀਰਿਸਤਾਨ ਦੀ ਸਰਹੱਦ ਨਾਲ ਲੱਗਦੇ ਬੰਨੂ ਜ਼ਿਲ੍ਹੇ ਦੇ ਮੇਰੀਅਨ ਪੁਲਿਸ ਸਟੇਸ਼ਨ ਦੇ ਬਾਹਰ ਹੋਇਆ ਹੈ। ਦੱਸਿਆ ਜਾ



ਰਿਹਾ ਹੈ ਕਿ ਇੱਕ ਆਟੋ ਰਿਕਸ਼ਾ ਵਿਚ ਧਮਾਕਾਖੇਜ਼ ਸਮੱਗਰੀ ਰੱਖੀ ਹੋਈ ਸੀ। ਧਮਾਕੇ ਤੋਂ ਤੁਰੰਤ ਬਾਅਦ ਜ਼ਖ਼ਮੀਆਂ ਨੂੰ ਇਲਾਜ ਲਈ ਬੰਨੂ ਦੇ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਇਸ ਘਟਨਾ ਕਾਰਨ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਦਹਿਸ਼ਤ ਅਤੇ ਸਹਿਮ ਦਾ ਮਾਹੌਲ ਬਣ ਗਿਆ ਹੈ। ਪੁਲੀਸ ਨੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਹੈ ਅਤੇ ਵਾਧੂ ਸੁਰੱਖਿਆ ਬਲ ਤਾਇਨਾਤ ਕਰ ਦਿੱਤੇ ਗਏ ਹਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਸਾਬਕਾ DIG ਨੂੰ ਰਿਸ਼ਵਤ ਮਾਮਲੇ 'ਚ ਵੱਡਾ ਝਟਕਾ, ਹਾਈਕੋਰਟ ਨੇ ਜ਼ਮਾਨਤ ਅਰਜ਼ੀ ਕੀਤੀ ਖਾਰਜ਼

**ਚੰਡੀਗੜ੍ਹ, 16 ਫਰਵਰੀ (ਆਵਾਜ਼ਿ ਕੌਮ ਬਿਊਰੋ):-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੋਮਵਾਰ ਨੂੰ ਪੰਜਾਬ ਪੁਲਿਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਵੱਡਾ ਝਟਕਾ ਦਿੱਤਾ ਹੈ। ਹਾਈਕੋਰਟ ਨੇ ਸਾਬਕਾ ਡੀਆਈਜੀ ਦੀ ਰਿਸ਼ਵਤ ਮਾਮਲੇ ਵਿੱਚ ਜ਼ਮਾਨਤ ਅਰਜ਼ੀ ਨੂੰ ਖਾਰਜ਼ ਕਰ ਦਿੱਤਾ ਹੈ। ਦੱਸ ਦਈਏ ਕਿ ਮੌਜੂਦਾ ਸਮੇਂ ਐਚ.ਐਸ ਭੁੱਲਰ ਚੰਡੀਗੜ੍ਹ ਦੀ ਮਾਡਲ ਜੇਲ੍ਹ ਵਿੱਚ ਬੰਦ ਹੈ।



ਜਾਣਕਾਰੀ ਅਨੁਸਾਰ, ਭੁੱਲਰ ਨੇ ਰੈਗੂਲਰ ਜ਼ਮਾਨਤ ਲਈ 9 ਜਨਵਰੀ ਨੂੰ ਹਾਈ ਕੋਰਟ ਦਾ ਰੁਖ ਕੀਤਾ ਸੀ। ਆਪਣੀ ਪਟੀਸ਼ਨ ਵਿੱਚ ਉਨ੍ਹਾਂ ਨੇ ਦਲੀਲ ਦਿੱਤੀ ਕਿ ਮਾਮਲੇ ਦੀ ਜਾਂਚ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ ਅਤੇ ਅੰਤਿਮ ਰਿਪੋਰਟ ਪਿਛਲੇ ਸਾਲ 3 ਦਸੰਬਰ ਨੂੰ ਸੌਂਪੀ ਗਈ ਸੀ, ਜਿਸ ਦੇ ਆਧਾਰ 'ਤੇ ਹਿਰਾਸਤੀ ਪੁੱਛਗਿੱਛ ਲਈ ਹੋਰ ਕੋਈ ਲੋੜ ਨਹੀਂ ਹੈ।

ਪਟੀਸ਼ਨਰ ਨੇ ਆਪਣੇ ਵਕੀਲ ਨਿਖਿਲ ਘਈ ਰਾਹੀਂ ਕਿਹਾ ਕਿ ਇਸਤਗਾਸਾ ਪੱਖ ਦਾ ਇਰਾਦਾ ਸ਼ਿਕਾਇਤਕਰਤਾ ਦੇ ਨਾਲ-ਨਾਲ ਮੁੱਖ ਤੌਰ 'ਤੇ ਸਰਕਾਰੀ ਗਵਾਹਾਂ ਦੀ ਜਾਂਚ ਕਰਨਾ ਸੀ। ਉਨ੍ਹਾਂ ਨੇ ਅੱਗੇ ਕਿਹਾ ਕਿ ਕਿਉਂਕਿ ਉਸਨੂੰ ਪਹਿਲਾਂ ਹੀ ਨੌਕਰੀ ਤੋਂ ਮੁਅੱਤਲ ਕੀਤਾ ਜਾ ਚੁੱਕਾ ਹੈ, ਇਸ ਲਈ ਗਵਾਹਾਂ ਨੂੰ ਪ੍ਰਭਾਵਿਤ ਕਰਨ ਜਾਂ ਸਬੂਤਾਂ ਨਾਲ ਛੇੜਛਾੜ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ।

ਪਟੀਸ਼ਨ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਕੇਸ ਵਿੱਚ ਸ਼ਿਕਾਇਤਕਰਤਾ ਨੂੰ ਹਾਈ ਕੋਰਟ ਦੇ ਹੁਕਮਾਂ ਤਹਿਤ ਸੁਰੱਖਿਆ ਦਿੱਤੀ ਗਈ ਸੀ। ਭੁੱਲਰ ਨੇ ਦਾਅਵਾ ਕੀਤਾ ਕਿ ਕਥਿਤ ਟਰੈਪ ਆਪਰੇਸ਼ਨ ਕਿਸੇ ਸਹਿ-ਮੁਲਜ਼ਮ ਨਾਲ ਸਬੰਧਤ ਸੀ ਅਤੇ ਇਸ ਵਿੱਚ ਉਸ ਤੋਂ ਕੋਈ ਸਿੱਧੀ ਵਸੂਲੀ ਜਾਂ ਪੈਸੇ ਦੀ ਮਨਜ਼ੂਰੀ ਸ਼ਾਮਲ ਨਹੀਂ ਸੀ।

ਹਾਲਾਂਕਿ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਦਰਖਾਸਤਾਂ 'ਤੇ ਵਿਚਾਰ ਕਰਨ ਤੋਂ ਬਾਅਦ ਨਿਯਮਤ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ।

## ਪੰਜਾਬ 'ਚ ਪ੍ਰਵਾਸੀਆਂ ਨੇ ਇਕੱਠੇ ਹੋ ਕੇ ਪੰਜਾਬੀ ਦਾ ਕੀਤਾ ਕਤਲ ! ਕਿਰਚਾਂ ਮਾਰ ਕੇ ਗੁਰਸੇਵਕ ਸਿੰਘ ਨੂੰ ਮੌਤ ਦੇ ਘਾਟ ਉਤਾਰਿਆ

**ਚੰਡੀਗੜ੍ਹ, 16 ਫਰਵਰੀ (ਆਵਾਜ਼ਿ ਕੌਮ ਬਿਊਰੋ):-** ਪੰਜਾਬ 'ਚ ਇੱਕ ਵਾਰ ਫਿਰ ਪ੍ਰਵਾਸੀਆਂ ਦੀ ਗੁੰਡਾਗਰਦੀ ਸਾਹਮਣੇ ਆਈ ਹੈ ਅਤੇ ਮੁਹਾਲੀ 'ਚ ਮੁੜ ਕੁੰਬੜਾ ਵਰਗੇ ਹਾਲਾਤ ਬਣਦੇ ਨਜ਼ਰ ਆ ਰਹੇ ਹਨ। ਫੇਜ਼ 11 'ਚ ਪੰਜਾਬੀ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਕਤਲ ਪ੍ਰਵਾਸੀਆਂ ਵੱਲੋਂ ਇਕੱਠੇ ਹੋ ਕੇ ਪੰਜਾਬੀ ਨੌਜਵਾਨ ਨੂੰ ਚਾਕੂ ਮਾਰ-ਮਾਰ ਕੇ ਮੌਤ ਦੇ ਘਾਟ ਉਤਾਰਿਆ ਗਿਆ ਹੈ। ਜਾਣਕਾਰੀ ਅਨੁਸਾਰ, ਮ੍ਰਿਤਕ ਨੌਜਵਾਨ ਦੇ ਪਰਿਵਾਰ ਵੱਲੋਂ ਫੋਰਟਿਸ ਹਸਪਤਾਲ ਦੇ ਬਾਹਰ ਧਰਨਾ ਲਾਇਆ ਗਿਆ ਹੈ ਅਤੇ ਪੰਜਾਬ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਪਰਿਵਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਸੇਵਕ ਸਿੰਘ, ਫੇਜ਼ 11 ਦੇ ਮੰਦਰ 'ਚੋਂ ਮੱਥਾ ਟੇਕ ਕੇ ਬਾਹਰ ਆ ਰਿਹਾ ਸੀ, ਜਿਸ ਦੌਰਾਨ ਪਰਵਾਸੀ ਮਜਦੂਰਾਂ ਨੇ ਇਕੱਠੇ ਹੋ ਕੇ ਉਸ ਉਪਰ ਹਮਲਾ ਦਿੱਤਾ। ਹਮਲੇ ਦੌਰਾਨ ਉਸ 'ਤੇ ਚਾਕੂ ਨਾਲ ਕਈ ਵਾਰ ਕੀਤੇ ਗਏ।



**ਪਰਿਵਾਰ ਨੇ ਫੋਰਟਿਸ ਹਸਪਤਾਲ ਦੇ ਬਾਹਰ ਲਾਇਆ ਧਰਨਾ**-ਗੁਰਸੇਵਕ ਸਿੰਘ ਨੂੰ ਖੂਨ ਨਾਲ ਲੱਥਪੱਥ ਗੰਭੀਰ ਹਾਲਤ ਵਿੱਚ ਮੁਹਾਲੀ ਦੇ ਫੋਰਟਿਸ ਹਸਪਤਾਲ ਦਾਖਲ ਕਰਵਾਇਆ ਗਿਆ ਸੀ, ਜਿਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸਤੋਂ ਬਾਅਦ ਗੁੱਸੇ ਵਿੱਚ ਆਏ ਪਰਿਵਾਰਕ ਮੈਂਬਰਾਂ ਨੇ ਫੋਰਟਿਸ ਹਸਪਤਾਲ ਦੇ ਬਾਹਰ ਧਰਨਾ ਦੇ ਕੇ ਸੜਕ ਜਾਮ ਕਰ ਦਿੱਤੀ ਤਾਂ ਐਸਐਸਪੀ ਹਰਮਨਦੀਪ ਸਿੰਘ ਹਾਂਸ ਖੁਦ ਮੌਕੇ 'ਤੇ ਪੁੱਜੇ। ਐਸਐਸਪੀ ਨੇ ਕਿਹਾ ਕਿ ਪਰਵਾਸੀ ਨੌਜਵਾਨਾਂ ਦੀ ਆਪਸ ਵਿੱਚ ਲੜਾਈ ਹੋਈ ਸੀ। ਨੌਜਵਾਨ ਹੰਗਾਮਾ ਕਰ ਰਹੇ ਸਨ। ਇਸ ਦੌਰਾਨ ਗੁਰਸੇਵਕ ਦੇ ਸੱਟਾਂ ਵੱਜੀਆਂ, ਜਿਸ ਤੋਂ ਬਾਅਦ ਉਸ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਸੀ ਪਰ ਅੱਜ ਸਵੇਰੇ ਉਸ ਦੀ ਮੌਤ ਹੋ ਗਈ।

**ਪਰਿਵਾਰ ਨੇ ਲਾਏ ਇਲਜ਼ਾਮ**-ਉਧਰ, ਪਰਿਵਾਰ ਦਾ ਦੋਸ਼ ਹੈ ਕਿ ਬੇਟੇ ਦਾ ਸਹੀ ਇਲਾਜ ਨਹੀਂ ਕਰਵਾਇਆ ਗਿਆ। ਜਦੋਂ ਬੇਟੇ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਦੋ ਘੰਟੇ ਤੱਕ ਉਸ ਦਾ ਇਲਾਜ ਨਹੀਂ ਕੀਤਾ ਗਿਆ। ਇਸ ਕਾਰਨ ਉਸ ਦੀ ਮੌਤ ਹੋ ਗਈ। ਇਸ 'ਤੇ ਐੱਸਐੱਸਪੀ ਹਰਮਨਦੀਪ ਸਿੰਘ ਹਾਂਸ ਨੇ ਕਿਹਾ ਕਿ ਮੁੰਡਾ ਹਸਪਤਾਲ 'ਚ ਆਉਣ ਤੋਂ ਬਾਅਦ ਉਸ ਨੂੰ ਕਦੋਂ ਦਾਖਲ ਕਰਵਾਇਆ ਗਿਆ ਸੀ ? ਉਸਦਾ ਇਲਾਜ ਕਦੋਂ ਸ਼ੁਰੂ ਹੋਇਆ ? ਅਸੀਂ ਹਰ ਚੀਜ਼ ਦੀ ਪੁਸ਼ਟੀ ਕਰਾਂਗੇ। ਪੁਲਿਸ ਵੀ ਮੌਕੇ 'ਤੇ ਪਹੁੰਚੀ ਹੋਈ ਸੀ ਅਤੇ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਪਰਵਾਸੀ ਮਜਦੂਰਾਂ ਵੱਲੋਂ ਨੌਜਵਾਨ 'ਤੇ ਹਮਲੇ ਦੀ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ ਹੈ, ਜਿਸ ਨੂੰ ਪੁਲਿਸ ਨੇ ਕਬਜ਼ੇ 'ਚ ਲੈ ਲਿਆ ਹੈ।"

**ਪੋਸਟਮਾਰਟਮ ਲਈ ਬੋਰਡ ਆਫ ਡਾਇਰੈਕਟਰਜ਼ ਦਾ ਗਠਨ**-ਐਸਐਸਪੀ ਨੇ ਦੱਸਿਆ ਕਿ ਮ੍ਰਿਤਕ ਦਾ ਪੋਸਟਮਾਰਟਮ ਕਰਵਾਉਣ ਲਈ ਬੋਰਡ ਆਫ਼ ਡਾਇਰੈਕਟਰਜ਼ ਦਾ ਗਠਨ ਕੀਤਾ ਗਿਆ ਹੈ। ਇਸ ਨਾਲ ਮੌਤ ਦੇ ਕਾਰਨਾਂ ਦਾ ਪਤਾ ਲੱਗੇਗਾ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਪਹਿਲਾਂ ਕਤਲ ਦੀ ਕੋਸ਼ਿਸ਼ ਦਾ ਕੇਸ ਦਰਜ ਕੀਤਾ ਸੀ, ਪਰ ਹੁਣ ਕਤਲ ਦਾ ਕੇਸ ਦਰਜ ਕਰ ਲਿਆ ਹੈ। ਪੰਜ ਲੋਕਾਂ ਨੂੰ ਕਾਬੂ ਕੀਤਾ ਗਿਆ ਹੈ। ਉਨ੍ਹਾਂ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਬਾਅਦ ਪਰਿਵਾਰ ਸ਼ਾਂਤ ਹੋ ਗਿਆ।

## ਸ੍ਰੀ ਹਰਿਮੰਦਰ ਸਾਹਿਬ ਦੀ ਏਆਈ ਦੀ ਵਰਤੋਂ ਨਾਲ ਬੇਅਦਬੀ ਦੀ ਬਣਾਈ ਰੀਲ, ਐਸਜੀਪੀਸੀ ਵੱਲੋਂ ਸਾਈਬਰ ਕ੍ਰਾਈਮ ਸੈੱਲ ਵਿੱਚ ਦਰਜ਼ ਕਰਵਾਈ ਗਈ ਸ਼ਿਕਾਇਤ



**ਨਵੀਂ ਦਿੱਲੀ 16 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-** ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਖ਼ਤ ਇਤਰਾਜ ਕਰਦਿਆਂ ਇਸ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਸਾਈਬਰ ਕ੍ਰਾਈਮ ਵਿਭਾਗ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ। ਕਮੇਟੀ ਦੇ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਰਾਰਤੀ ਅਨਸਰਾਂ ਵੱਲੋਂ ਫੈਲਾਈ ਜਾ ਰਹੀ ਇਸ ਵੀਡੀਓ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਇਸ ਵੀਡੀਓ ਨੂੰ ਬਣਾਉਣ ਅਤੇ ਵਾਇਰਲ ਕਰਨ ਵਾਲੇ ਸ਼ਖਸ ਦੀ ਜਲਦ ਪਛਾਣ ਕਰਕੇ ਉਸ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕੋਈ ਵੀ ਸਿੱਖ ਸੰਸਥਾਵਾਂ ਜਾਂ ਧਾਰਮਿਕ ਅਕੀਦਤ ਨੂੰ ਠੇਸ ਨਾ ਪਹੁੰਚਾ ਸਕੇ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਸੰਗਤਾਂ ਨੂੰ ਸੁਚੇਤ ਕੀਤਾ ਕਿ ਜਦੋਂ ਵੀ ਸ੍ਰੀ ਦਰਬਾਰ ਸਾਹਿਬ ਜਾਂ ਕਿਸੇ ਵੀ ਧਾਰਮਿਕ ਮਰਿਆਦਾ ਬਾਰੇ ਅਜਿਹੀ ਕੋਈ ਸ਼ੱਕੀ ਵੀਡੀਓ ਸਾਹਮਣੇ ਆਉਂਦੀ ਹੈ, ਤਾਂ ਉਸ 'ਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਨਾ ਕੀਤਾ ਜਾਵੇ। ਉਨ੍ਹਾਂ ਕਿਹਾ, ਸੰਗਤਾਂ ਨੂੰ ਬੇਨਤੀ ਹੈ ਕਿ ਅਜਿਹੀਆਂ ਵੀਡੀਓਜ਼ ਨੂੰ ਅੱਗੇ ਸ਼ੇਅਰ ਨਾ ਕਰਨ। ਸ਼ੇਅਰ ਕਰਨ ਨਾਲ ਅਫ਼ਵਾਹਾਂ ਨੂੰ ਬੜਾਵਾ ਮਿਲਦਾ ਹੈ ਅਤੇ ਸੰਗਤ ਵਿੱਚ ਗਲਤ ਸੰਦੇਸ਼ ਜਾਂਦਾ ਹੈ, ਜਿਸ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ । ਉਨ੍ਹਾਂ ਕਿਹਾ ਕਿਸੇ ਵੀ ਜਾਣਕਾਰੀ ਜਾਂ ਸੰਦੇਸ਼ ਦੀ ਸੱਚਾਈ ਜਾਣਨ ਲਈ ਸੰਗਤਾਂ ਨੂੰ ਸਿੱਧਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਐਸਜੀਪੀਸੀ ਪੰਥ ਦੀ ਧਾਰਮਿਕ ਅਕੀਦਤ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਗਲਤ ਅਨਸਰ ਨੂੰ ਨਹੀਂ ਬਖਸ਼ੇਗੀ ।


ਗੁਰਦੁਆਰਾ ਲਵੇਰੀਸਰ
ਸਾਹਿਬ ਢਾਣੀ ਕਾਹਨ ਸਿੰਘ
ਪਿੰਡ ਮੱਲੇਵਾਲਾ ਸਿਰਸਾ
ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ
ਨੀਂਹ ਪੱਥਰ ਸਮਾਗਮ
ਮਿਤੀ 19 ਫਰਵਰੀ
2026 ਦਿਨ ਵੀਰਵਾਰ
ਸਮਾਂ
ਸਵੇਰੇ 9 ਵਜੇ
ਭੋਗ ਸ਼੍ਰੀ ਅਖੰਡ ਪਾਠ ਸਾਹਿਬ 9 ਵਜੇ ਸਵੇਰੇ ਉਪਰੰਤ ਸੰਤ ਮਹਾਂਪੁਰਸ਼ ਨੀਂਹ ਪੱਥਰ ਰੱਖਣਗੇ
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਇਸ ਮੌਕੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜੱਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਸਿੱਧ ਕੀਰਤਨੀਏ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਗੁਰਬਾਣੀ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ।
ਸਰਬੱਤ ਸੰਗਤਾਂ ਸਮੇਂ ਸਿਰ ਪੁੱਜ ਕੇ ਨਾਮ ਬਾਣੀ ਦਾ ਲਾਹਾ ਪ੍ਰਾਪਤ ਕਰੋ ਜੀ
ਬੇਨਤੀ ਕਰਤਾ ਸਮੂਹ ਸਾਧਸੰਗਤ ਨਗਰ ਨਿਵਾਸੀ ਢਾਣੀ ਕਾਹਨ ਸਿੰਘ


ਬਾਬਾ ਜੀਵਨ ਸਿੰਘ ਯੁਵਾ ਕਲੱਬ
ਪਿੰਡ ਕਾਲਾਂਵਾਲੀ (ਸਿਰਸਾ)
ਵੱਲੋਂ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਗੁਰਦੁਆਰਾ ਗੁਰੂ ਗੰ੍ਥਸਰ
ਦਾਦੂ ਸਾਹਿਬ ਵਾਲੇ
ਮਹੰਤ ਦੇਵਾਦਾਸ ਜੀ
(ਡੇਰਾ ਬਾਬਾ ਮੰਡਾਲਾ)
ਸ਼ਾਨਦਾਰ ਕਬੱਡੀ ਟੂਰਨਾਂਮੈਂਟ
20 ਫਰਵਰੀ 2026, ਦਿਨ ਸ਼ੁੱਕਰਵਾਰ
ਸਥਾਨ : ਸਾਹਮਣੇ ਨਵੀਂ ਦਾਣਾ ਮੰਡੀ, ਡੱਬਵਾਲੀ ਰੋਡ, ਪਿੰਡ ਕਾਲਾਂਵਾਲੀ
ਬਲਰਾਜ ਬਾਜੀ
ਪਰਵਿੰਦਰ ਸਿੰਘ (ਲੱਡੂ)
ਜਗਦੀਪ ਸਿੰਘ (ਦੀਪ)
ਰਾਜਵੀਰ ਸਿੰਘ
ਕਬੱਡੀ 75 ਕਿਲੋ ਦੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ ਵਾਸ਼ਿੰਗ ਮਸ਼ੀਨਾ ਦਿੱਤੀਆਂ ਜਾਣਗੀਆਂ
ਕਬੱਡੀ 55 ਕਿਲੋ ਦੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ 5-5 ਫੁੱਟੇ ਕੱਪ ਦਿੱਤੇ ਜਾਣਗੇ।
ਇਨਾਮਾਂ ਦਾ ਵੇਰਵਾ | ਪਹਿਲਾ ਇਨਾਮ | ਦੂਜਾ ਇਨਾਮ | ਐਂਟਰੀ ਫੀਸ | ਮਿਤੀ
ਕਬੱਡੀ 75 ਕਿਲੋ (2 ਖਿਡਾਰੀ ਬਾਹਰੋ) | 31000/- | 21000/- | 500/- | 20-02-2026
ਕਬੱਡੀ 55 ਕਿਲੋ (2 ਖਿਡਾਰੀ ਬਾਹਰੋ) | 15000/- | 11000/- | 300/- | 20-02-2026
ਚਿਰਾਂਸ਼ੂ ਰਤਨ ਐਡਵੋਕੇਟ
Supreme Court of India
ਅਜੈਬ ਸਰਪੰਚ
ਪ੍ਰਦੀਪ ਜੈਨ
ਵਿਨੋਦ ਮਿੱਤਲ
ਟੀਸ਼ੂ ਪ੍ਰਧਾਨ
ਮਹੇਸ਼ ਕੁਮਾਰ ਝੋਰੜ
ਸੁਭਾਸ਼ ਗੋਇਲ ਘੋਗਾ
ਕਰਨੈਲ ਸਿੰਘ ਔਢਾਂ
ਭੂਪ ਸਿੰਘ (S.I.)
ਨਿਰਮਲ ਸਿੰਘ ਮੱਲੜੀ
ਦਰਸ਼ਨ ਸਿੰਘ ਖਾਲਸਾ
ਕੁਲਦੀਪ ਵਰਮਾ
ਰਾਮ ਸਿੰਘ
ਪੱਪੂ ਕੋਚ
ਹਰਨੀ ਕੋਚ
ਰਾਕੇਸ਼ ਅਰੋੜਾ
ਅਮਨ ਜੈਨ, M.C.
ਪੱਪੀ ਸਿੰਘ
ਦੀਪੂ ਗਰਗ
ਜੱਸੀ ਕਿੰਗਰਾ
ਸੇਵਕ ਸਿੰਘ
ਬਚਿੱਤਰ ਸਿੰਘ
ਸੰਪਰਕ ਨੰ: 83073-50637, 77718-54978, 87085-78908



350 ਸਾਲਾ ਸ਼ਹੀਦੀ ਦਿਵਸ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਮਹਾਰਾਜ,
ਭਾਈ ਮਤੀਦਾਸ ਭਾਈ ਸਤੀ ਦਾਸ ਭਾਈ ਦਿਆਲਾ ਜੀ ਨੂੰ ਸਮਰਪਿਤ

# ਸਲਾਨਾ ਗੁਰਮਤਿ ਸਮਾਗਮ

## 21 ਸਭਾਗੇ ਜੋੜਿਆਂ ਦੇ ਅਨੰਦ ਕਾਰਜ


**ਮਹਾਨ ਨਗਰ ਕੀਰਤਨ**
ਮਿਤੀ 21 ਫਰਵਰੀ 2026
ਸਵੇਰੇ 10 ਤੋਂ ਸ਼ਾਮ 3 ਵਜੇ ਤੱਕ

**ਅੰਮ੍ਰਿਤ ਸੰਚਾਰ**
ਮਿਤੀ 22 ਫਰਵਰੀ 2026 ਨੂੰ
ਦੁਪਹਿਰ 1 ਵਜੇ ਹੋਵੇਗਾ

ਮਿਤੀ
**22 ਫਰਵਰੀ 2026**

ਸਮਾਂ:-
ਸਵੇਰੇ 10 ਤੋਂ ਦੁਪਹਿਰ 3 ਵਜੇ ਤੱਕ

ਸਥਾਨ:-
ਗੁਰਦੁਆਰਾ
ਸ਼੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ
ਨੇੜੇ ਕਾਲਾਂਵਾਲੀ ਮੰਡੀ
ਜ਼ਿਲ੍ਹਾ ਸਿਰਸਾ (ਹਰਿਆਣਾ)



ਸਮਾਗਮ ਵਿੱਚ ਪੰਜ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ
ਇਸ ਸਮੇਂ ਮੈਡੀਕਲ ਕੈਂਪ ਲਗਾਇਆ ਜਾਵੇਗਾ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ
ਬੇਨਤੀ ਕਰਤਾ - ਸੁੱਖ ਸੇਵਾ ਸਿਮਰਨ ਟਰਸੱਟ (ਰਜ਼ਿ) ਜੱਥਾ ਦਾਦੂ ਸਾਹਿਬ
ਸਮੂੰਹ ਨਗਰ ਅਤੇ ਇਲਾਕਾ ਨਿਵਾਸੀ ਸਾਧ ਸੰਗਤ
**ਨੋਟ: ਗੁਰੂ ਕਾ ਲੰਗਰ ਅਤੁੱਟ ਵਰਤੇਗਾ**
ਸੰਪਰਕ ਨੰ: 93560-60960, 97791-72813

LIVE ON
Akaal
CHARDIKLA TIME TV
Mr. Singh Production
ਆਵਾਜ਼ਿ ਕੌਮ AWAZE QAUM TV
YouTube
Jathedar Baljit Singh Khalsa Daduwal
SIKH SANGAT TV


ਅੰਬੈਸਡਰ ਫਾਰ ਪੀਸ
**ਜਥੇਦਾਰ ਬਲਜੀਤ ਸਿੰਘ ਦਾਦੂਵਾਲ**
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰੱਸਟ (ਰਜ਼ਿ:)
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



**ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।**
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA
WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



**ਆਵਾਜ਼ਿ ਕੌਮ**
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV




**ਸਾਹਿਬ ਸਤਿਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਖਾਰਗਰ ਨਵੀਂ ਮੁੰਬਈ ਵਿਖੇ ਮਿਤੀ 28 ਫਰਵਰੀ ਅਤੇ 1 ਮਾਰਚ 2026 ਨੂੰ ਦੋ ਰੋਜ਼ਾ ਬਹੁਤ ਭਾਰੀ ਮਹਾਨ ਗੁਰਮਤਿ ਸਮਾਗਮ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾ ਦੀ ਅਗੁਵਾਈ 'ਚ ਮਹਾਰਾਸ਼ਟਰ ਦੀ ਸਰਕਾਰ ਦੀ ਦੇਖ ਰੇਖ ਹੇਠ ਕੀਤਾ ਜਾ ਰਿਹਾ ਹੈ।**

**ਸੰਗਤਾਂ ਨੂੰ ਬੇਨਤੀ ਹੈ ਇਹਨਾਂ ਸਮਾਗਮਾਂ 'ਚ ਹਾਜਰੀਆਂ ਭਰੋ ਅਤੇ ਲਾਹੇ ਪ੍ਰਾਪਤ ਕਰੋ ਜੀ।**

ਮੋਗਾ ਤੋਂ ਨਸ਼ਿਆਂ ਖ਼ਿਲਾਫ਼ ਵੱਡਾ ਸੰਕਲਪ

# 'ਯੁੱਧ ਨਸ਼ਿਆਂ ਵਿਰੁੱਧ 2.0' ਤਹਿਤ ਸਮਾਗਮ, ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਗੂੰਜ




















ਆਵਾਜ਼ਿ ਕੌਮ AWAZE QAUM International Newspaper & WEB TV



**ਮੋਗਾ, 16 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਨਸ਼ਿਆਂ ਦੇ ਖ਼ਾਤਮੇ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ 2.0' ਮੁਹਿੰਮ ਤਹਿਤ ਅੱਜ ਮੋਗਾ ਦੇ ਪਿੰਡ ਕਿੱਲੀ ਚਹਿਲਾਂ ਵਿਖੇ ਵਿਸ਼ਾਲ ਜਨ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

**ਨਸ਼ਿਆਂ ਵਿਰੁੱਧ ਸਹੁੰ ਅਤੇ ਲੋਕ ਲਹਿਰ ਦਾ ਸੱਦਾ**

ਸਮਾਗਮ ਦੌਰਾਨ ਹਜ਼ਾਰਾਂ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਇਸ ਬੁਰਾਈ ਦੇ ਖ਼ਿਲਾਫ਼ ਡਟ ਕੇ ਖੜ੍ਹੇ ਹੋਣ ਦੀ ਸਹੁੰ ਚੁਕਵਾਈ ਗਈ। ਆਗੂਆਂ ਨੇ ਕਿਹਾ ਕਿ ਪੰਜਾਬ ਦੀ ਪਵਿੱਤਰ ਧਰਤੀ ਤੋਂ ਨਸ਼ਿਆਂ ਦੀਆਂ ਜੜ੍ਹਾਂ ਪੁੱਟਣ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਹ ਲੜਾਈ ਲੋਕ ਭਾਗੀਦਾਰੀ ਨਾਲ ਹੀ ਕਾਮਯਾਬ ਹੋਵੇਗੀ।

**ਮੁੱਖ ਮੰਤਰੀ ਭਗਵੰਤ ਮਾਨ ਦੀ ਭਰਪੂਰ ਸਪੀਚ**

ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਸ਼ਾ ਤਸਕਰਾਂ ਲਈ ਪੰਜਾਬ ਵਿੱਚ ਕੋਈ ਥਾਂ ਨਹੀਂ ਰਹੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਨਸ਼ਾ ਤਸਕਰੀ ਵਿੱਚ ਸ਼ਾਮਲ ਵੱਡੇ ਗਿਰੋਹਾਂ 'ਤੇ ਕਰੜੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਜਾਇਦਾਦਾਂ ਜ਼ਬਤ ਕਰਨ ਦੀ ਪ੍ਰਕਿਰਿਆ ਵੀ ਜਾਰੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਉਨ੍ਹਾਂ ਕਿਹਾ, "ਇਹ ਸਿਰਫ਼ ਸਰਕਾਰ ਦੀ ਲੜਾਈ ਨਹੀਂ, ਸਗੋਂ ਹਰ ਮਾਂ-ਪਿਉ ਅਤੇ ਹਰ ਨੌਜਵਾਨ ਦੀ ਲੜਾਈ ਹੈ। ਅਸੀਂ ਆਪਣੇ ਬੱਚਿਆਂ ਦਾ ਭਵਿੱਖ ਬਚਾਉਣਾ ਹੈ।" ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿੱਥੇ ਵੀ ਨਸ਼ਾ ਵਿਕਦਾ ਜਾਂ ਬਣਦਾ ਹੋਵੇ, ਉਸ ਬਾਰੇ ਤੁਰੰਤ ਪੁਲਿਸ ਨੂੰ ਜਾਣਕਾਰੀ ਦਿੱਤੀ ਜਾਵੇ।

ਉਨ੍ਹਾਂ ਇਹ ਵੀ ਦੱਸਿਆ ਕਿ 'ਯੁੱਧ ਨਸ਼ਿਆਂ ਵਿਰੁੱਧ 2.0' ਤਹਿਤ ਪਿੰਡ ਪੱਧਰ 'ਤੇ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ, ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਨਸ਼ਾ ਛੱਡਣ ਲਈ ਡੀ-ਐਡਿਕਸ਼ਨ ਸੈਂਟਰਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

**ਓਠੀਆਂ ਵਿੱਚ ਨਸ਼ੇ ਦੀ ਵੱਡੀ ਖੇਪ ਫੜਾਉਣ ਵਾਲਿਆਂ ਦਾ ਸਨਮਾਨ**

ਇਸ ਮੌਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਓਠੀਆਂ ਵਿਖੇ ਭਾਰੀ ਮਾਤਰਾ ਵਿੱਚ ਨਸ਼ੇ ਦੀ ਖੇਪ ਫੜਾਉਣ ਵਾਲੇ ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰਾਂ ਅਤੇ ਪੁਲਿਸ ਮੁਲਾਜ਼ਮਾਂ ਨੂੰ ਇਨਾਮੀ ਰਾਸ਼ੀ ਦੇ ਚੈੱਕ ਸੌਂਪ ਕੇ ਸਨਮਾਨਿਤ ਕੀਤਾ ਗਿਆ। ਸਰਕਾਰ ਨੇ ਉਨ੍ਹਾਂ ਦੀ ਹਿੰਮਤ ਅਤੇ ਸਚੇਤਤਾ ਦੀ ਭਰਪੂਰ ਪ੍ਰਸ਼ੰਸਾ ਕੀਤੀ।

**ਲੋਕਾਂ ਦੇ ਸਹਿਯੋਗ ਨਾਲ ਜੰਗ ਜਿੱਤਣ ਦਾ ਭਰੋਸਾ**

ਸਮਾਗਮ ਦੇ ਅੰਤ ਵਿੱਚ ਕਿਹਾ ਗਿਆ ਕਿ ਪੰਜਾਬੀਆਂ ਵੱਲੋਂ ਮਿਲ ਰਹੇ ਭਰਪੂਰ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਇਹ ਜੰਗ ਇੱਕ ਵੱਡੀ ਲੋਕ ਲਹਿਰ ਬਣ ਚੁੱਕੀ ਹੈ। ਆਗੂਆਂ ਨੇ ਵਿਸ਼ਵਾਸ ਜਤਾਇਆ ਕਿ ਸਾਂਝੇ ਯਤਨਾਂ ਨਾਲ ਪੰਜਾਬ ਦੀ ਧਰਤੀ ਤੋਂ ਨਸ਼ਿਆਂ ਦੀ ਭੈੜੀ ਅਲਾਮਤ ਨੂੰ ਜੜ੍ਹੋਂ ਸਮੇਤ ਖਤਮ ਕੀਤਾ ਜਾਵੇਗਾ।

ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ

# 7 ਰੋਜ਼ਾ ਰਾਸ਼ਟਰੀ ਸੇਵਾ ਯੋਜਨਾ ਦੇ ਕੈਂਪਾਂ ਦੀ ਲੜੀ ਦਾ ਆਗਾਜ਼





**ਤਲਵੰਡੀ ਸਾਬੋ, 16 ਫਰਵਰੀ (ਗੁਰਜੰਟ ਸਿੰਘ ਨਥੇਹਾ)**-ਗੁਰੂ ਕਾਸ਼ੀ ਯੂਨੀਵਰਸਿਟੀ ਦੇ ਐਨ.ਐਸ.ਐਸ. ਵਿਭਾਗ ਵੱਲੋਂ ਸੱਤ ਰੋਜ਼ਾ ਕੈਂਪਾਂ ਦੀ ਲੜੀ ਦਾ ਆਗਾਜ਼ ਮੁੱਖ ਮਹਿਮਾਨ ਵਾਈਸ ਚਾਂਸਲਰ ਪ੍ਰੋ. (ਡਾ.) ਰਾਮੇਸ਼ਵਰ ਸਿੰਘ ਨੇ ਕੀਤਾ। ਆਗਾਜ਼ ਮੌਕੇ ਮੁੱਖ ਮਹਿਮਾਨ ਵਾਈਸ ਚਾਂਸਲਰ ਡਾ. ਸਿੰਘ ਨੇ ਦੱਸਿਆ ਕਿ ਕੈਂਪਾਂ ਵਿੱਚ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਦੀ ਸਾਫ਼-ਸਫਾਈ ਪ੍ਰਤੀ ਜਾਗਰੂਕਤਾ, ਰੁਜ਼ਗਾਰ ਸੰਬੰਧੀ ਉੱਭਰ ਰਹੀਆਂ ਨਵੀਆਂ ਸੰਭਾਵਨਾਵਾਂ, ਸੜਕ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ, ਜੈਵਿਕ ਖੇਤੀ, ਖੇਤੀ ਸਹਾਇਕ ਧੰਦੇ ਜਿਵੇਂ ਮੱਛੀ ਪਾਲਣ, ਮਧੂਮੱਖੀ ਪਾਲਣ, ਮਸ਼ਰੂਮ ਦੀ ਪੈਦਾਵਾਰ ਸੰਬੰਧੀ ਜਾਣਕਾਰੀ ਮਾਹਿਰਾਂ ਵੱਲੋਂ ਦਿੱਤੀ ਜਾਏਗੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਵਿੱਚ ਵਾਤਾਵਰਣ ਸਾਂਭ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਹੈ।ਕੈਂਪ ਦੇ ਦੂਜੇ ਦਿਨ ਪ੍ਰਬੰਧਕੀ ਨਿਰਦੇਸ਼ਕ ਸੁਖਰਾਜ ਸਿੰਘ ਸਿੱਧੂ, ਇੰਜੀ. ਸੁਖਵਿੰਦਰ ਸਿੰਘ ਤੇ ਪਰੋ ਵਾਈਸ ਚਾਂਸਲਰ ਡਾ. ਜਗਤਾਰ ਸਿੰਘ ਧੀਮਾਨ ਨੇ ਫੁੱਲਾਂ ਦੇ ਪੌਦੇ ਲਗਾਏ। ਇਸ ਮੌਕੇ ਪ੍ਰਬੰਧਕੀ ਨਿਰਦੇਸ਼ਕ ਨੇ ਵਰਸਿਟੀ ਵਿੱਚ ਵੱਖ-ਵੱਖ ਕਿਸਮ ਦੇ ਫੁੱਲਾਂ ਅਤੇ ਛਾਂ ਦਾਰ ਪੌਦੇ ਲਗਾਉਣ ਲਈ ਕਿਹਾ ਤਾਂਕਿ ਵਰਸਿਟੀ ਦਾ ਆਲਾ-ਦੁਆਲਾ ਖੁਸ਼ਬੂਦਾਰ ਅਤੇ ਮਨਮੋਹਕ ਬਣ ਸਕੇ। ਡਾ. ਧੀਮਾਨ ਨੇ ਵਾਤਾਵਰਨ ਨੂੰ ਹਰਿਆ- ਭਰਿਆ ਬਣਾਈ ਰੱਖਣ ਲਈ ਹਰ ਵਿਦਿਆਰਥੀ ਨੂੰ ਘੱਟੋ-ਘੱਟ ਪੰਜ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਧਰਤੀ ਦਾ ਵੱਧ ਰਿਹਾ ਤਾਪਮਾਨ ਸਮੂਹ ਲੋਕਾਈ ਲਈ ਖਤਰੇ ਦੀ ਘੰਟੀ ਹੈ। ਇਸ ਲਈ ਵਣ ਮਹਾਉਤਸਵ ਨੂੰ ਹੁਲਾਰਾ ਦੇਣਾ ਜ਼ਰੂਰੀ ਹੈ। ਇਸ ਮੌਕੇ ਡਾਇਰੈਕਟਰ ਵਿਦਿਆਰਥੀ ਭਲਾਈ ਸਰਦੂਲ ਸਿੰਘ ਸਿੱਧੂ, ਜ਼ਿਲ੍ਹਾ ਅਫ਼ਸਰ ਮਾਨਸਾ ਸਰਬਜੀਤ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਡਾਇਰੈਕਟਰ ਵਿਦਿਆਰਥੀ ਭਲਾਈ ਸਿੱਧੂ ਨੇ ਦੱਸਿਆ ਕਿ ਕੈਂਪਾਂ ਦੀ ਲੜੀ ਦੌਰਾਨ ਵਰਸਿਟੀ ਵੱਲੋਂ ਗੋਦ ਲਏ ਗਏ ਪਿੰਡਾਂ ਦੇ ਆਲੇ-ਦੁਆਲੇ ਸਫਾਈ ਮੁਹਿੰਮ ਚਲਾਈ ਜਾਏਗੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਪਿੰਡ ਬਹਿਣੀਵਾਲ ਵਿੱਚ ਲਗਾਏ ਕੈਂਪ ਦਾ ਜ਼ਿਕਰ ਕਰਦੇ ਦੱਸਿਆ ਕਿ ਕੈਂਪ ਵਿੱਚ ਇੰਜੀ. ਜਗਦੀਸ਼ ਗਰੋਵਰ ਵੱਲੋਂ ਐਨ.ਐਸ.ਐਸ. ਵਲੰਟੀਅਰਾਂ ਨੂੰ ਹੁਨਰ ਵਿਕਾਸ ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਯੂਨੀਵਰਸਿਟੀ ਵੱਲੋਂ ਵੰਡੇ ਜਾ ਰਹੇ ਉੱਕਤ ਤੇ ਨਵੇਂ ਸੁਧਰੇ ਬੀਜਾਂ ਸੰਬੰਧੀ ਵੀ ਜਾਣਕਾਰੀ ਦਿੱਤੀ ਗਈ। ਐਨ.ਐਸ.ਐਸ. ਕੁਆਰਡੀਨੇਟਰ ਨਰਿੰਦਰ ਕੌਰ ਨੇ ਦੱਸਿਆ ਕਿ ਵਰਿਸਟੀ ਦੇ ਐਨ.ਐਸ.ਐਸ ਵਿਭਾਗ ਵੱਲੋਂ ਪ੍ਰੋਗਰਾਮ ਅਫ਼ਸਰ ਡਾ. ਪ੍ਰਿਅੰਕਾ, ਇੰਜੀ. ਬੂਟਾ ਸਿੰਘ, ਇੰਜੀ. ਜਸਵਿੰਦਰ ਸਿੰਘ, ਡਾ. ਸਰਿਤਾ, ਡਾ. ਗੁਲਾਮ ਸਰਵਰ ਦੀ ਦੇਖ-ਰੇਖ ਹੇਠ 11 ਫਰਵਰੀ ਤੋਂ 15 ਫਰਵਰੀ ਤੱਕ ਵੱਖ-ਵੱਖ ਪਿੰਡਾਂ ਵਿੱਚ ਲਗਾਤਾਰ ਸੱਤ ਰੋਜ਼ਾ ਦਾ ਕੈਂਪ ਲਗਾਏ ਜਾ ਰਹੇ ਹਨ। ਜਿਸ ਵਿੱਚ ਵਲੰਟੀਅਰਾਂ ਤੇ ਪਿੰਡ ਵਾਸੀਆਂ ਨੂੰ ਸਮਾਜਿਕ ਸੇਵਾ ਦੇ ਪ੍ਰੋਜੈਕਟ ਨਾਲ ਜੋੜਿਆ ਜਾਏਗਾ। ਇਸ ਤੋਂ ਇਲਾਵਾ ਲੋਕਾਂ ਵਿੱਚ ਸਿਹਤ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਮਾਹਿਰਾਂ ਦੇ ਲੈਕਚਰ ਵੀ ਕਰਵਾਏ ਜਾਣਗੇ। ਕੈਂਪ ਵਿੱਚ ਅੰਧ-ਵਿਸ਼ਵਾਸ ਆਦਿ ਨੂੰ ਖਤਮ ਕਰਨ ਲਈ ਜਸਵੀਰ ਸਿੰਘ ਵੱਲੋਂ ਸਾਇੰਸ ਆਧਾਰਿਤ ਟ੍ਰਿਕਸ ਵੀ ਪੇਸ਼ ਕੀਤੀਆਂ ਗਈਆਂ। ਇਹਨਾਂ ਕੈਂਪਾਂ ਵਿਚ 13 ਫੈਕਲਟੀਆਂ ਦੇ ਲਗਭਗ 700 ਵਲੰਟੀਅਰ ਸਮਾਜ ਸੇਵਾ ਦੇ ਕੰਮਾਂ ਵਿੱਚ ਯੋਗਦਾਨ ਪਾਉਣਗੇ।

ਨਵੰਬਰ 1984 ਦੇ ਸਿੱਖ ਕਤਲੇਆਮ ਮਾਮਲੇਆਂ ਦੀ ਪੈਰਵੀ ਵਿਚ ਦਿੱਲੀ ਕਮੇਟੀ ਪ੍ਰਬੰਧਕ ਨਾਕਾਮਯਾਬ

# ਕਮਲਨਾਥ ਦਾ ਮਾਮਲਾ 6 ਮਹੀਨੇ ਲਈ ਟਲਿਆ: ਪਰਮਜੀਤ ਸਿੰਘ ਵੀਰਜੀ



**ਨਵੀਂ ਦਿੱਲੀ 16 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਨਵੰਬਰ 1984 ਦੇ ਸਿੱਖ ਕਤਲੇਆਮ ਮਾਮਲੇ ਵਿੱਚੋਂ ਇਕ ਮਾਮਲਾ ਕਾਂਗਰਸੀ ਆਗੂ ਕਮਲਨਾਥ ਨਾਲ ਸੰਬੰਧਿਤ ਹੈ ਓਸ ਸਮੇਂ ਗੁਰਦੁਆਰਾ ਰਕਾਬ ਗੰਜ ਸਾਹਿਬ 'ਤੇ ਹਮਲਾ ਕਰਨ ਵਾਲੇ ਦੰਗਾਕਾਰੀਆਂ ਦੀ ਭੀੜ ਦੀ ਓਹ ਅਗਵਾਈ ਕਰ ਰਿਹਾ ਸੀ। ਅਦਾਲਤ ਵਿਚ ਦਾਖਿਲ ਕੀਤੀ ਗਈ ਇਕ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਦੋ ਸਿੱਖਾਂ, ਇੰਦਰਜੀਤ ਸਿੰਘ ਅਤੇ ਮਨਮੋਹਨ ਸਿੰਘ ਨੂੰ ਕਥਿਤ ਤੌਰ 'ਤੇ ਕਮਲਨਾਥ ਦੀ ਅਗਵਾਈ ਵਾਲੀ ਭੀੜ ਦੁਆਰਾ ਗੁਰਦੁਆਰੇ ਦੇ ਅਹਾਤੇ ਵਿੱਚ ਜ਼ਿੰਦਾ ਸਾੜ ਦਿੱਤਾ ਗਿਆ ਸੀ। ਸਬੂਤਾਂ ਦੀ ਘਾਟ ਕਾਰਨ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ ਸੀ ਤੇ ਕਮਲਨਾਥ ਦਾ ਨਾਮ ਕਦੇ ਵੀ ਐਫਆਈਆਰ ਵਿੱਚ ਨਹੀਂ ਲਿਆ ਗਿਆ ਸੀ। ਇੰਨ੍ਹਾ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਗੁਰੂਬਾਣੀ ਰਿਸਰਚ ਫਾਉਂਡੇਸ਼ਨ ਦੇ ਮੁੱਖੀ ਸਰਦਾਰ ਪਰਮਜੀਤ ਸਿੰਘ ਵੀਰਜੀ ਨੇ ਦਸਿਆ ਕਿ ਇਹ ਇਕ ਅਤਿ ਗੰਭੀਰ ਮਾਮਲਾ ਸੀ ਜਿਸਦੀ ਪੈਰਵੀ ਕਰਣ ਵਿਚ ਦਿੱਲੀ ਕਮੇਟੀ ਦੇ ਮੌਜੂਦਾ ਪ੍ਰਬੰਧਕ ਨਾਕਾਮਯਾਬ ਸਾਬਿਤ ਹੋ ਰਹੇ ਹਨ। ਅਦਾਲਤ ਵਲੋਂ ਦਿੱਲੀ ਸਰਕਾਰ ਨੂੰ ਇਸ ਮਾਮਲੇ ਵਿਚ ਬੀਤੀ 15 ਜਨਵਰੀ ਤਕ ਸਟੇਟਸ ਰਿਪੋਰਟ ਦਾਖਿਲ ਕਰਣ ਲਈ ਕਿਹਾ ਗਿਆ ਸੀ ਪਰ ਅਦਾਲਤ ਅੰਦਰ ਕੁਝ ਹੋਰ ਸਮੇਂ ਦੀ ਮੰਗ ਕਰਣ ਨਾਲ ਸਟੇਟਸ ਰਿਪੋਰਟ ਦਾਖਿਲ ਨਹੀਂ ਕੀਤੀ ਗਈ ਉਪਰੰਤ ਅਦਾਲਤ ਵਲੋਂ ਅਗਲੀ ਸੁਣਵਾਈ ਲਈ ਜੁਲਾਈ ਮਹੀਨੇ ਦਾ ਸਮਾਂ ਦੇ ਦਿੱਤਾ ਗਿਆ ਕਿਉਕਿ ਪਟੀਸ਼ਨਕਰਤਾ ਖੁਦ ਅਦਾਲਤ ਅੰਦਰ ਪੇਸ਼ ਹੀ ਨਹੀਂ ਹੋ ਰਿਹਾ ਹੈ। ਵੀਰਜੀ ਨੇ ਕਿਹਾ ਇਥੇ ਵਿਚਾਰਣਯੋਗ ਹੈ ਕਿ ਕਮੇਟੀ ਪ੍ਰਬੰਧਕਾਂ ਨੇ ਮਾਮਲੇ ਦੀ ਗੰਭੀਰਤਾ ਅਤੇ ਕਤਲੇਆਮ ਪੀੜੀਤਾਂ ਦੇ ਦਰਦ ਨੂੰ ਸਮਝਿਆ ਹੁੰਦਾ ਤਦ ਸਭ ਤੋਂ ਪਹਿਲਾਂ ਕਮਲਨਾਥ ਨੂੰ ਕਾਨੂੰਨੀ ਸ਼ਿਕੰਜੇ ਹੇਠ ਲਿਆਣ ਲਈ ਓਸ ਦਾ ਨਾਮ ਐਫਆਈਆਰ ਵਿਚ ਦਰਜ਼ ਕਰਵਾਉਣਾ ਚਾਹੀਦਾ ਸੀ ਤੇ ਨਾਲ ਹੀ ਮਾਮਲੇ ਦੇ ਗਵਾਹਾਂ ਦੀ ਸਾਰ ਸੰਭਾਲ ਲਈ ਹੱਲ ਹੀਲਾ ਵਰਤਿਆ ਜਾਣਾ ਚਾਹੀਦਾ ਸੀ, ਪਰ ਮੌਜੂਦਾ ਪ੍ਰਬੰਧਕਾਂ ਵਲੋਂ ਇੰਨ੍ਹਾ ਮਾਮਲਿਆਂ ਅੰਦਰ ਸੁਹਿਰਦਤਾ ਨਹੀਂ ਦਿਖਾਈ ਗਈ ਤੇ ਸਿਰਫ ਦਿਖਾਵੇ ਲਈ ਕੇਸ ਲੜ ਰਹੇ ਵਾਲੀ ਨੀਤੀ ਅਪਣਾਈ ਰਖੀ ਜਿਸ ਸਦਕਾ ਸੱਜਣ ਕੁਮਾਰ ਵੀ ਇਕ ਕੇਸ ਵਿੱਚੋਂ ਬਰੀ ਹੋਣ ਵਿਚ ਕਾਮਯਾਬ ਹੋ ਗਿਆ ਤੇ ਬਲਵਾਨ ਖੋਖਰ ਵੀ ਪੈਰੋਲਾ/ਫਰਲੋ ਰਾਹੀਂ ਰਾਮ ਰਹੀਮ ਵਾਂਗ ਜੇਲ੍ਹ ਤੋਂ ਅੰਦਰ ਬਾਹਰ ਦੇ ਗੇੜੇ ਮਾਰ ਰਿਹਾ ਹੈ। ਉਨ੍ਹਾਂ ਕਿਹਾ ਜ਼ੇਕਰ ਇਹੋ ਹਾਲਾਤ ਰਹੇ ਤਾਂ ਸਾਨੂੰ ਖਦਸ਼ਾ ਹੈ ਕਿ ਸੱਜਣ ਕੁਮਾਰ ਵੀ ਜਲਦ ਪੈਰੋਲ/ ਫਰਲੋ ਲੈ ਕੇ ਜੇਲ੍ਹ ਦੀ ਚਾਰ ਦਿਵਾਰੀ ਤੋਂ ਬਾਹਰ ਨਿਕਲ ਸਕਦਾ ਹੈ, ਜ਼ੇਕਰ ਇਹ ਭਾਣਾ ਵਾਪਰ ਗਿਆ ਤਾਂ ਮੌਜੂਦਾ ਕਮੇਟੀ ਦੇ ਪ੍ਰਬੰਧਕ ਜੋ ਵਾਰ ਵਾਰ ਕਹਿੰਦੇ ਹਨ ਅਸੀਂ 84 ਦੇ ਹਰ ਕਾਤਲਾਂ ਨੂੰ ਜੇਲ੍ਹ ਅੰਦਰ ਡੱਕ ਕੇ ਦਿਖਾਵਾਂਗੇ, ਪੰਥ ਲਈ ਬਹੁਤ ਵਡੀ ਸ਼ਰਮਿੰਦਗੀ ਵਾਲੀ ਗੱਲ ਹੋਵੇਗੀ। ਅੰਤ ਵਿਚ ਕਿਹਾ ਮੌਜੂਦਾ ਪ੍ਰਬੰਧਕ ਹਰ ਫਰੰਟ ਤੇ ਨਾਕਾਮਯਾਬ ਸਾਬਿਤ ਹੋਏ ਹਨ ਭਾਵੇਂ ਓਹ ਬੰਦੀ ਸਿੰਘਾਂ ਦਾ ਮਸਲਾ ਹੋਵੇ, ਭਾਵੇਂ ਸਕੂਲ ਕਾਲਜਾਂ ਵਿਚ ਕੰਮ ਕਰਦੇ ਅਧਿਆਪਕਾਂ ਦੀ ਤਨਖਾਹ ਦੇਣ ਦਾ ਮਸਲਾ ਹੋਵੇ, ਭਾਵੇਂ 84 ਦੇ ਦੋਸ਼ੀ ਕਾਤਲਾਂ ਨੂੰ ਸਜ਼ਾ ਦਿਵਾਉਣ ਦਾ ਹੋਵੇ, ਭਾਵੇਂ ਧਰਮ ਪ੍ਰਚਾਰ ਦਾ ਹੋਵੇ ਓਹ ਕਿੱਥੇ ਵੀ ਪੰਥ ਲਈ ਸਨਮਾਨਜਨਕ ਕੌਈ ਵੀ ਕਾਰਜ ਨਹੀਂ ਕਰ ਸਕੇ ਹਨ ਜਦਕਿ ਓਹ ਕੇਂਦਰ ਅਤੇ ਦਿੱਲੀ ਸਰਕਾਰ ਨਾਲ ਆਪਣੀਆਂ ਨੇੜਤਾ ਦਸਦੇ ਰਹਿੰਦੇ ਹਨ।

# ਨੈਸ਼ਨਲ ਅਕਾਲੀ ਦਲ ਵਲੋਂ ਨਵੀਂ ਟੀਮ ਦਾ ਐਲਾਨ ਕਰਣ ਲਈ ਸਮੁੱਚੀ ਕਾਰਜਕਾਰਨੀ ਅਤੇ ਸਾਰੇ ਕੀਤੇ ਗਏ ਵਿੰਗ ਭੰਗ



**ਨਵੀਂ ਦਿੱਲੀ 16 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਨੈਸ਼ਨਲ ਅਕਾਲੀ ਦਲ ਦੇ ਰਾਸ਼ਟਰੀ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੇ ਸੰਗਠਨਾਤਮਕ ਢਾਂਚੇ ਵਿੱਚ ਵੱਡੀਆਂ ਤਬਦੀਲੀਆਂ ਦਾ ਐਲਾਨ ਕੀਤਾ ਹੈ, ਜਿਸ ਨਾਲ ਮੌਜੂਦਾ ਕਾਰਜਕਾਰਨੀ ਅਤੇ ਪਾਰਟੀ ਦੇ ਸਾਰੇ ਵਿੰਗ ਤੁਰੰਤ ਪ੍ਰਭਾਵ ਨਾਲ ਭੰਗ ਹੋ ਗਏ ਹਨ। ਇਸ ਸਬੰਧ ਵਿੱਚ ਜਾਰੀ ਇੱਕ ਬਿਆਨ ਵਿੱਚ, ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਇਹ ਫੈਸਲਾ ਪਾਰਟੀ ਨੂੰ ਮਜ਼ਬੂਤ, ਵਧੇਰੇ ਸਰਗਰਮ ਅਤੇ ਵਧੇਰੇ ਲੋਕ-ਪੱਖੀ ਬਣਾਉਣ ਦੇ ਉਦੇਸ਼ ਨਾਲ ਲਿਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਜਲਦੀ ਹੀ ਇੱਕ ਨਵੀਂ ਕਾਰਜਕਾਰਨੀ ਬਣਾਈ ਜਾਵੇਗੀ, ਜਿਸ ਵਿੱਚ ਨੌਜਵਾਨਾਂ, ਔਰਤਾਂ ਅਤੇ ਜ਼ਮੀਨੀ ਪੱਧਰ ਦੇ ਵਰਕਰਾਂ ਲਈ ਢੁਕਵੀਂ ਪ੍ਰਤੀਨਿਧਤਾ ਹੋਵੇਗੀ। ਉਨ੍ਹਾਂ ਕਿਹਾ ਕਿ ਨੈਸ਼ਨਲ ਅਕਾਲੀ ਦਲ ਸਮੇਂ-ਸਮੇਂ 'ਤੇ ਵੱਖ-ਵੱਖ ਜਨਤਕ ਮੁੱਦਿਆਂ 'ਤੇ ਆਪਣੀ ਆਵਾਜ਼ ਉਠਾਉਂਦਾ ਰਿਹਾ ਹੈ। ਪਾਰਟੀ ਨੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਮੁੱਦਿਆਂ 'ਤੇ ਸਰਗਰਮ ਭੂਮਿਕਾ ਨਿਭਾਈ ਹੈ ਅਤੇ ਵਿਰੋਧ ਪ੍ਰਦਰਸ਼ਨਾਂ ਅਤੇ ਮੈਮੋਰੰਡਮਾਂ ਰਾਹੀਂ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਹੈ। ਪੰਮਾ ਨੇ ਅੱਗੇ ਕਿਹਾ ਕਿ ਇਹ ਕਦਮ ਸੰਗਠਨ ਨੂੰ ਨਵੀਂ ਊਰਜਾ ਅਤੇ ਨਵੀਂ ਦਿਸ਼ਾ ਦੇਣ ਲਈ ਜ਼ਰੂਰੀ ਸੀ। ਨਵੀਂ ਕਾਰਜਕਾਰੀ ਕਮੇਟੀ ਦੇ ਗਠਨ ਤੋਂ ਬਾਅਦ, ਪਾਰਟੀ ਜਨਤਕ ਮੁੱਦਿਆਂ ਨੂੰ ਹੋਰ ਮਜ਼ਬੂਤੀ ਨਾਲ ਹੱਲ ਕਰੇਗੀ ਅਤੇ ਜ਼ਮੀਨੀ ਪੱਧਰ 'ਤੇ ਆਪਣੀ ਪਕੜ ਮਜ਼ਬੂਤ ਕਰੇਗੀ। ਸੂਤਰਾਂ ਅਨੁਸਾਰ, ਆਉਣ ਵਾਲੇ ਦਿਨਾਂ ਵਿੱਚ ਇੱਕ ਵਿਸ਼ੇਸ਼ ਮੀਟਿੰਗ ਤੋਂ ਬਾਅਦ ਨਵੀਂ ਕਾਰਜਕਾਰੀ ਕਮੇਟੀ ਦਾ ਐਲਾਨ ਕੀਤਾ ਜਾਵੇਗਾ। ਪਾਰਟੀ ਲੀਡਰਸ਼ਿਪ ਦਾ ਮੰਨਣਾ ਹੈ ਕਿ ਇਹ ਪੁਨਰਗਠਨ ਸੰਗਠਨ ਨੂੰ ਇਸਦੀਆਂ ਆਉਣ ਵਾਲੀਆਂ ਗਤੀਵਿਧੀਆਂ ਵਿੱਚ ਨਵੀਂ ਗਤੀ ਅਤੇ ਤਾਕਤ ਦੇਵੇਗਾ। ਪਾਰਟੀ ਵਰਕਰ ਇਸ ਫੈਸਲੇ ਪ੍ਰਤੀ ਉਤਸ਼ਾਹਿਤ ਹਨ, ਅਤੇ ਹਰ ਕੋਈ ਨਵੀਂ ਟੀਮ ਦੇ ਐਲਾਨ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ।

# ਦੁਆਬੇ ਦੀ ਧਰਤੀ ਨੂੰ ਵੱਡਾ ਸਦਮਾ : ਭਾਈ ਸਾਹਿਬ ਡਾ. ਦਲੀਪ ਸਿੰਘ ਜੀ ਸਦੀਵੀ ਵਿਛੋੜਾ ਦੇ ਗਏ



**ਦੁਆਬਾ, 16 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਪੰਥ ਦੀ ਪ੍ਰਸਿੱਧ ਧਾਰਮਿਕ ਸ਼ਖਸੀਅਤ, ਨਾਮ-ਬਾਣੀ ਦੇ ਰਸੀਏ ਅਤੇ ਗੁਰਮਤਿ ਦੇ ਅਥਕ ਪ੍ਰਚਾਰਕ ਭਾਈ ਸਾਹਿਬ ਡਾ. ਦਲੀਪ ਸਿੰਘ ਜੀ ਅਕਾਲ ਪੁਰਖ ਵੱਲੋਂ ਬਖ਼ਿਸ਼ਸ਼ ਕੀਤੀ ਸਵਾਸਾਂ ਦੀ ਪੂੰਜੀ ਪੂਰੀ ਕਰਦੇ ਹੋਏ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਮਿਲਦਿਆਂ ਹੀ ਦੁਆਬੇ ਸਮੇਤ ਸਮੂਹ ਸਿੱਖ ਸੰਗਤਾਂ ਵਿੱਚ ਸੋਗ ਦੀ ਲਹਿਰ ਦੌੜ ਗਈ। ਭਾਈ ਸਾਹਿਬ ਜੀ ਨੇ ਆਪਣਾ ਸਾਰਾ ਜੀਵਨ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਮਰਪਿਤ ਕੀਤਾ। ਉਹ ਗੁਰਬਾਣੀ ਅਨੁਸਾਰ ਸਾਦਗੀ ਭਰਿਆ ਜੀਵਨ ਜੀਊਂਦੇ ਰਹੇ ਅਤੇ ਸੰਗਤਾਂ ਨੂੰ ਵੀ ਸਾਦੇ ਅਤੇ ਆਦਰਸ਼ ਜੀਵਨ ਲਈ ਪ੍ਰੇਰਿਤ ਕਰਦੇ ਰਹੇ। ਉਨ੍ਹਾਂ ਨੇ ਗੁਰਬਾਣੀ ਦੇ ਫਲਸਫੇ ਨਾਲ ਸੰਗਤਾਂ ਨੂੰ ਜੋੜਨ ਅਤੇ ਚੰਗੀ ਸਿੱਖਿਆ ਦੇਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਸਿੱਖ ਪੰਥ ਅਤੇ ਸਮੂਹ ਮਨੁੱਖਤਾ ਦੀ ਭਲਾਈ ਲਈ ਉਨ੍ਹਾਂ ਵੱਲੋਂ ਨਿਭਾਈ ਗਈ ਸੇਵਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦਾ ਜੀਵਨ ਕੌਮ ਦੀ ਸੇਵਾ ਅਤੇ ਸੰਘਰਸ਼ ਦੀ ਇੱਕ ਪ੍ਰੇਰਕ ਮਿਸਾਲ ਵਜੋਂ ਸਦਾ ਯਾਦ ਕੀਤਾ ਜਾਵੇਗਾ। ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਉਨ੍ਹਾਂ ਦੇ ਚਲੇ ਜਾਣ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਹੈ। ਸੰਗਤਾਂ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਉਨ੍ਹਾਂ ਦੀ ਪਵਿੱਤਰ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਦੁੱਖ ਦੀ ਇਸ ਘੜੀ ਵਿੱਚ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

# ਪ੍ਰਧਾਨ ਗੁਰਮੁੱਖ ਡੇਹਰੀਵਾਲ ਜਿਹੇ ਵਫਾਦਾਰ ਆਗੂਆਂ 'ਤੇ ਪਾਰਟੀ ਨੂੰ ਮਾਨ: ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ



**ਚੌਕ ਮਹਿਤਾ, 16 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਜੰਡਿਆਲਾ ਗੁਰੂ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪ੍ਰਧਾਨ ਗੁਰਮੁੱਖ ਸਿੰਘ ਔਜਲਾ (ਡੇਹਰੀਵਾਲ) ਬੀਤੇ ਕੱਲ ਟਰਾਂਸਪੋਰਟ ਮੰਤਰੀ ਪੰਜਾਬ ਸ. ਲਾਲਜੀਤ ਸਿੰਘ ਭੁੱਲਰ ਦੇ ਨਾਲ (ਤਰਨਤਾਰਨ) ਸਥਿਤ ਉਨਾਂ ਦੀ ਰਿਹਾਇਸ਼ ਤੇ ਪਹੁੰਚੇ। ਜਿੱਥੇ ਉਨਾਂ ਨੇ ਪਾਰਟੀ ਦੀ ਮਜ਼ਬੂਤੀ ਨੂੰ ਲੈਕੇ ਕੁਝ ਅਹਿਮ ਮਸਲਿਆਂ ਸਬੰਧੀ ਕਰੀਬ ਅੱਧਾ ਘੰਟਾ ਮੰਤਰੀ ਭੁੱਲਰ ਦੇ ਨਾਲ ਵਿਚਾਰ ਵਟਾਂਦਰਾ ਕੀਤਾ। ਇਸ ਮੀਟਿੰਗ ਤੋਂ ਬਾਅਦ ਮੰਤਰੀ ਭੁੱਲਰ ਨੇ ਆਖਿਆ ਕਿ ਪ੍ਰਧਾਨ ਗੁਰਮੁੱਖ ਡੇਹਰੀਵਾਲ ਮਿਹਨਤੀ ਅਤੇ ਸਰਗਰਮ ਆਗੂਆਂ ਚੋਂ ਇਕ ਹਨ। ਜੋ ਪਾਰਟੀ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ ਹਨ। ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪ੍ਰਧਾਨ ਗੁਰਮੁੱਖ ਡੇਹਰੀਵਾਲ ਦੀ ਪਿੱਠ ਥਾਪੜਦਿਆਂ ਆਖਿਆ ਕਿ ਆਮ ਆਦਮੀ ਪਾਰਟੀ ਨੂੰ ਆਪਣੇ ਵਫਾਦਾਰ ਆਗੂਆਂ ਤੇ ਮਾਣ ਹੈ। ਉਨਾਂ ਨੇ 2027 ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਪ੍ਰਧਾਨ ਗੁਰਮੁੱਖ ਡੇਹਰੀਵਾਲ ਨੂੰ ਡੱਟ ਕੇ ਕੰਮ ਕਰਨ ਲਈ ਆਖਿਆ। ਇਸ ਮੌਕੇ ਪ੍ਰਧਾਨ ਡੇਹਰੀਵਾਲ ਦੇ ਨਾਲ ਪਹੁੰਚੇ "ਆਪ" ਆਗੂ ਸਿਕੰਦਰ ਸਿੰਘ ਤਾਹਰਪੁਰ. ਮਨਜੀਤ ਸਿੰਘ ਤਾਹਰਪੁਰ, ਜਗਜੀਤ ਸਿੰਘ ਜੱਗੀ ਤਾਹਰਪੁਰ, ਮੀਡੀਆ ਇੰਚਾਰਜ ਸੁਖਚੈਨ ਸਿੰਘ ਅਤੇ ਸੁਖਬੀਰ ਸਿੰਘ ਪੱਟੀ ਦੇ ਕੁਝ ਉਲਝੇ ਕੰਮਾਂ ਨੂੰ ਸੁਲਝਾਉਣ ਲਈ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਨਿਰਦੇਸ਼ ਜਾਰੀ ਕੀਤੇ।

# ਚੇਅਰਮੈਨ ਹਰਜਿੰਦਰ ਸਿੰਘ ਰੰਧਾਵਾ ਵੱਲੋਂ ਭਾਰਤ - ਅਮਰੀਕਾ ਵਪਾਰ ਸਮਝੌਤੇ ਦੀ ਤਿੱਖੀ ਨਿਖੇਧੀ

## ਇਹ ਸਮਝੌਤਾ ਪੂਰੀ ਤਰ੍ਹਾਂ ਕਿਸਾਨ ਅਤੇ ਵਪਾਰੀ ਵਿਰੋਧੀ ਹੈ : ਚੈਅਰਮੈਨ ਹਰਜਿੰਦਰ ਸਿੰਘ ਰੰਧਾਵਾ



**ਚੌਕ ਮਹਿਤਾ .16 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਚੇਅਰਮੈਨ ਟ੍ਰੇਡਰਜ ਕਮਿਸ਼ਨ ਜੰਡਿਆਲਾ ਗੁਰੂ ਹਰਜਿੰਦਰ ਸਿੰਘ ਰੰਧਾਵਾ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਅਮਰੀਕਾ ਨਾਲ ਕੀਤੇ ਜਾ ਰਹੇ ਵਪਾਰ ਸਮਝੌਤੇ ਨੂੰ ਵਪਾਰੀ ਤੇ ਕਿਸਾਨ ਵਿਰੋਧੀ ਸਮਝੌਤਾ ਕਰਾਰ ਦਿੰਦਿਆਂ ਕਿਹਾ ਕਿ ਇਸ ਸਮਝੋਤੇ ਨਾਲ ਦੇਸ਼ ਨੂੰ ਭਾਰੀ ਆਰਥਿਕ ਨੁਕਸਾਨ ਹੋਵੇਗਾ ਜਦਕਿ ਪਹਿਲਾ ਭਾਜਪਾ ਸਰਕਾਰ ਨੇ ਦੇਸ਼ ਨੂੰ ਕਾਰਪੋਰੇਟ ਹੱਥਾਂ ਵਿਚ ਸੋਂਪ ਦਿਤਾ ਸੀ, ਜਿਨ੍ਹਾਂ ਨੇ ਦੋਵੇ ਹੱਥਾਂ ਨਾਲ ਦੇਸ਼ ਨੂੰ ਇਕ ਦਹਾਕੇ ਤੋ ਵੱਧ ਸਮਾਂ ਲੁੱਟਦਿਆਂ ਨੂੰ ਹੋਇਆ ਜਦਕਿ ਹੁਣ ਭਾਜਪਾ ਸਰਕਾਰ ਨੇ ਅਮਰੀਕਾ ਨਾਲ ਵਪਾਰਿਕ ਸਮਝੋਤਾ ਕਰਕੇ ਦੇਸ਼ ਦੀ ਆਰਥਿਕਤਾ ਨੂੰ ਵੱਡੀ ਸੱਟ ਮਾਰਨ ਦੀ ਕੋਸ਼ਿਸ ਕੀਤੀ ਹੈ।ਸ੍ਰ ਹਰਭਜਨ ਸਿੰਘ ਈਟੀਊ ਕੈਬਨਿਟ ਮੰਤਰੀ ਪੰਜਾਬ ਨੇ ਭਾਜਪਾ ਦੀ ਸਵਦੇਸ਼ੀ ਨੀਤੀ 'ਤੇ ਵੀ ਸਵਾਲ ਉਠਾਉਦਿਆਂ ਕਿਹਾ ਕਿ ਭਾਰਤ-ਅਮਰੀਕਾ ਵਪਾਰਿਕ ਸਮਝੌਤਾ ਭਾਜਪਾ ਦੀ ਸਵਦੇਸ਼ੀ ਨੀਤੀ ਨੂੰ ਵੀ ਅੰਗੂਠਾ ਵਿਖਾਉਣ ਵਾਲਾ ਹੈ, ਕਿਉਕਿ ਇਸ ਸਮਝੋਤੇ ਤੋ ਬਾਅਦ ਅਨੇਕਾਂ ਅਜਿਹਾ ਸਮਾਨ ਜੋ ਦੇਸ਼ ਅੰਦਰ ਬਣਦਾ ਹੈ ਜਾਂ ਪੈਦਾਵਾਰ ਹੁੰਦੀ ਹੈ ਦੀ ਮੰਗ ਹੀ ਨ੍ਹੀ ਘਟੇਗੀ ਬਲਕਿ ਰੁਲਣ ਲੱਗ ਜਾਵੇਗਾ। ਉਨ੍ਹਾਂ ਕੇਂਦਰ ਦੀ ਭਾਜਪਾ ਸਰਕਾਰ ਤੋ ਮੰਗ ਕੀਤੀ ਕਿ ਇਸ ਵਪਾਰਿਕ ਸਮਝੋਤੇ ਨੂੰ ਰੱਦ ਕੀਤਾ ਜਾਵੇ, ਨਹੀ ਤਾਂ ਲੋਕ ਸੜਕਾਂ 'ਤੇ ਉਤਰਣ ਲਈ ਮਜਬੂਰ ਹੋਣਗੇ। ਜਿਸ ਲਈ ਪੂਰੀ ਤਰ੍ਹਾਂ ਭਾਜਪਾ ਸਰਕਾਰ ਹੀ ਜੁੰਮੇਵਾਰ ਹੋਵੇਗੀ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਆਮ ਆਦਮੀ ਪਾਰਟੀ ਦਾ ਹਰੇਕ ਵਰਕਰ ਇਸ ਸਮਝੋਤੇ ਦੇ ਵਿਰੋਧ ਵਿਚ ਪ੍ਰਦਰਸ਼ਨ ਕਰ ਰਿਹਾ ਹੈ ਅਤੇ ਸੂਬਾ ਵਾਸੀ ਵੀ ਆਪ ਸਰਕਾਰ ਦੀ ਅਗਵਾਈ ਹੇਠ ਵਿਰੋਧ ਵਿਚ ਸ਼ਾਮਿਲ ਹੋ ਰਹੇ ਹਨ।

# ਸ਼ੁਭ ਕਰਮਨ ਤੇ ਕਬਹੂੰ ਨਾਂ ਟਰੋਂ



**ਬੀਤਿਆ** ਸਾਲ ਸ੍ਰੀ ਗੁਰੂ ਤੇਗ. ਬਹਾਦਰ ਜੀ ਦੀ 350 ਸਾਲਾ ਸ਼ਹਾਦਤ ਨੂੰ ਮਨਾਉਣ ਦਾ ਸਮਾਂ ਰਿਹਾ ਹੈ ।ਸਮੁੱਚੇ ਭਾਰਤ ਤੇ ਦੇਸ਼ ਬਦੇ.ਸ਼ ਵਿੱਚ ਇਸ ਸ਼ਹਾਦਤ ਨੂੰ ਹਰ ਸਬੰਧਤ ਵਰਗ ਦੇ ਲੋਕਾਂ ਨੇ ਸ਼ਰਧਾ ਪੂਰਵਕ ਮਨਾਇਆ ਹੈ ।"ਤਿਲਕ ਜੰਞੂ ਰਾਖਾ ਪਰਬ ਤਾਕਾ, ਕੀਨੋ ਬਢੋ ਕਲੂ ਮੋਂ ਸਾਕਾ ।" ਦੇ ਮਹਾਂਵਾਕ ਅਨੁਸਾਰ ਜਿੱਥੇ ਸਿੱਖਾਂ ਨੇ ਇਸ ਦਿਨ ਨੂੰ ਮਨਾਇਆ , ਉੱਥੇ ਵੱਧ ਚੜ ਕੇ ਹਿੰਦੂ ਕੌਮ ਨੇ ਸ਼ਾਇਦ ਪਹਿਲੀ ਵਾਰ ਬੜੀ ਉਚੀ ਪਧਰ ਤੇ ਇਸ ਸ਼ਤਾਬਦੀ ਸਮਰੋਹ ਨੂੰ ਮਨਾਇਆ ਹੈ ।ਇਸ ਇਤਿਹਾਸਕ ਕੁਰਬਾਨੀ ਦੀ ਵੀ ਜੋ ਵਿਲੱਖਣਤਾ ਹੈ , ਉਹ ਵੀ ਇਹੀ ਹੈ ਕਿ ਗੁਰੂ ਤੇਗ. ਬਹਾਦਰ ਜੀ ਦੀ ਸ਼ਹਾਦਤ ਨੇ ਹੀ ਹਿੰਦੂ ਧਰਮ ਦੇ ਤਿਲਕ ਜੰਞੂ ਦੀ ਰੱਖਿਆ ਕੀਤੀ ਸੀ । ਔਰੰਗਜ਼ੇਬ ਦੇ ਜ਼ੁਲਮ ਤੋਂ ਲੋਕਾਂ ਦਾ ਬਚਾਅ ਹੋਇਆ ਸੀ । ਸਿੱਖ ਕੌਮ ਦੀ ਸਿਰਮੌਰ ਸੰਪਰਦਾ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਜੀ ਖਾਲਸਾ (ਭਿੰਡਰਾਂਵਾਲਿਆਂ) ਨੇ ਪੰਜਾਬ ਤੋਂ ਬਾਹਰ , ਮਹਾਰਾਸ਼ਟਰ ਤੇ ਦਿੱਲੀ ਵਿੱਚ ਇਸ ਸ਼ਤਾਬਦੀ ਨੂੰ ਸਰਕਾਰੀ ਪੱਧਰ ਤੇ ਮਨਾਉਣ ਦੇ ਭਰਪੂਰ ਯਤਨ ਕੀਤੇ ਹਨ ।ਮਹਾਰਾਸ਼ਟਰ ਸਰਕਾਰ ਦੇ ਪੂਰੇ ਸਹਿਯੋਗ ਨਾਲ , ਉਹਨਾਂ ਨੂੰ ਪੂਰੀ ਕਾਮਯਾਬੀ ਮਿਲੀ ਹੈ ।ਪਰ ਕੁਝ ਸੌੜੀ ਨੀਅਤ ਤੇ ਇਤਿਹਾਸ ਤੋਂ ਨਾ ਵਾਕਿਫ , ਢੌਂਗੀਆਂ ਨੂੰ ਪੰਜਾਬੋ ਬਾਹਰ ਸਿੱਖੀ ਪ੍ਰਚਾਰ ਦੀ ਇਹ ਬੁਲੰਦ ਆਵਾਜ਼ ਪਸੰਦ ਨਹੀਂ ਆਈ । ਕਿਉਂਕਿ ਮਹਾਰਾਸ਼ਟਰ ਵਿੱਚ ਬੀ ਜੇ ਪੀ ਦੀ ਸਰਕਾਰ ਹੈ , ਤੇ ਸ਼ਾਇਦ ਇਹ ਇੰਦਰਾ ਭਗਤ ਇਹ ਸਹਿਣ ਨਹੀਂ ਕਰ ਸਕੇ ।ਇਸ ਕਾਂਗਰਸੀ ਨਾਤੇ ਹੀ ਸ਼ਾਇਦ ਉਹ ਬੋਲ ਕਬੋਲ ਕਰ ਗਏ ।ਭਾਈ ਪਰਮਜੀਤ ਸਿੰਘ ਮੰਡ( ਦਲ ਖ਼ਾਲਸਾ ) ਸਤਿਗੁਰਾਂ ਦੀ "ਤਿਲਕ ਜੰਞੂ " ਦੀ ਰੱਖਿਆ ਤੇ ਕੁਰਬਾਨੀ ਬਾਰੇ ਕੁਝ ਨਹੀਂ ਬੋਲ ਸਕੇ ।ਸਗੋਂ ਬੜੇ ਨੀਵੇਂ ਪੱਧਰ ਦੀ ਟੋਕ ਲਾ ਕੇ ਬਾਬਾ ਹਰਨਾਮ ਸਿੰਘ ਜੀ ਤੇ ਕਹਿ ਗਏ ਕਿ ਕੁਝ ਸਾਡੇ ਭਾਈ ਸਾਨੂੰ ਬੀ ਜੇ ਪੀ ਦੀ ਝੋਲੀ ਵਿੱਚ ਪਾ ਰਹੇ ਹਨ ।ਮੰਡ ਸਾਹਿਬ, ਕੀ ਅੱਜ ਤੱਕ ਤੁਹਾਡੇ ਵਰਗੇ ਕਈ ਆਗੂ ਦਹਾਕਿਆਂ ਤੋਂ ਇਹ ਬੋਲੀ ਮਾਰ ਕੇ ਹੀ ਕਹਿੰਦੇ ਰਹੇ ਕਿ , ਸਿੱਖਾਂ ਨੇ ਹਿੰਦੂਆਂ ਲਈ ਐਨੀਆਂ ਕੁਰਬਾਨੀਆਂ ਕੀਤੀਆਂ ਹਨ । ਭਾਵੇਂ ਕੁਰਬਾਨੀਆਂ ਕਰਨ ਵਾਲੇ ਸਮੇਂ ਪਹਿਲਾਂ ਹੋ ਚੁੱਕੇ , ਤੁਹਾਡਾ ਕੋਈ ਸਿੱਧਾ ਸੰਬੰਧ ਵੀ ਨਹੀਂ ਹੈ ।ਪਰ ਅੱਜ ਬੀ ਜੇ ਪੀ ਸਰਕਾਰ ਦੇ ਸਮੁੱਚੇ ਢਾਂਚੇ ਨੇ ਪਰਾਈਮ ਮਨਿਸਟਰ ਤੱਕ ਇਹ ਕਬੂਲ ਕਰ ਲਿਆ ਕਿ ਇਹ ਸ਼ਹਾਦਤਾਂ ਉਹਨਾਂ ਦੀ ਜ਼ਿੰਦਗੀ ਦਾ ਹਿੱਸਾ ਹਨ । ਉਹ ਤੁਹਾਡੇ ਨਾਲੋ ਜਿਆਦਾ ਅਨੁਭਵ ਨਾਲ ਮਨਾ ਰਹੇ ਹਨ ।ਹੁਣ ਤੁਹਾਥੋਂ ਇਹ ਜਰਿਆ ਨਹੀਂ ਜਾ ਰਿਹਾ ।ਹੁਣ ਤੁਸੀਂ ਮਿਹਣਾ ਮਾਰ ਰਹੇ ਹੋ ਕਿ ਕਿ ਬੀ ਜੇ ਪੀ , ਦੇਸ਼ ਵਿਚ ਹੁਣ ਦੇ ਸਮੇਂ ਦੀਆਂ ਸ਼ਹੀਦੀਆਂ ਵੀ ਮਨਾਵੇਗੀ ? ਕਿਉ ਨਹੀਂ ਹੋ ਸਕਦਾ , ਸ਼ਾਇਦ ਤੁਸੀਂ ਭੁੱਲ ਰਹੇ ਹੋ ਕਿ ਨਰੇਂਦਰ ਮੋਦੀ , ਦੇਸ਼ ਦੀ ਪਾਰਲੀਮੈਂਟ ਵਿੱਚ ਇਹ ਦੁਹਰਾ ਚੁੱਕਾ ਹੈ , ਕਿ ਅਗਰ ਦੇਸ਼ ਵਿਚ ਕਾਂਗਰਸ ਦਾ ਰਾਜ ਨਾ ਹੁੰਦਾ ਤਾਂ " ਸਿੱਖ ਨਸਲ ਕੁਸ਼ੀ " ਕਦੇ ਨਾ ਹੁੰਦੀ ।ਅਜੇ ਕੋਇ ਕਸਰ ਬਾਕੀ ਹੈ ।ਜੋ ਤੁਸੀਂ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਜੀ ਖਾਲਸਾ (ਭਿੰਡਰਾਂਵਾਲਿਆਂ) 'ਤੇ ਉਂਗਲ ਚੁੱਕਦੇ ਹੋ , ਉਹ ਵੀ ਤੁਹਾਡੀ ਇਤਿਹਾਸਕ ਘੱਟ ਜਾਣਕਾਰੀ ਦਾ ਹੀ ਆਧਾਰ ਹੈ ।ਬਾਬਾ ਹਰਨਾਮ ਸਿੰਘ ਜੀ ਖਾਲਸਾ (ਭਿੰਡਰਾਂਵਾਲਿਆਂ) ਨੇ ਮਹਾਰਾਸ਼ਟਰ ਵਿੱਚ 350 ਸਾਲਾ ਸ਼ਹੀਦੀ ਸ਼ਤਾਬਦੀ ਦਾ ਉੱਚ ਪੱਧਰੀ ਸਮਾਗਮਾਂ ਦੇ ਜੋੜ-ਮੇਲੇ ਕਰਕੇ ਸਿਖ ਕੌਮ ਦੇ ਪ੍ਰਚਾਰ ਨੂੰ ਇਕ ਨਵੀਂ ਰੂਹ ਦਿੱਤੀ ਹੈ , ਜੋ ਤੁਹਾਡੀ ਸੋਚ ਤੋਂ ਬਾਹਰ ਹੈ ।ਉਹਨਾਂ ਸਿੱਖ ਆਗੂ ਨਾਤੇ , ਮਹਾਰਾਸ਼ਟਰ ਦੇ ਸਿੱਖਾਂ ਦੇ ਹਾਲਾਤ ਵਿੱਚ ਸਹਾਈ ਹੋ ਕੇ , ਉਹਨਾਂ ਦਾ ਆਸਰਾ ਬਣਨ ਦਾ ਯਤਨ ਅਰੰਭਿਆ ਹੈ ।ਮੰਡ ਸਾਹਿਬ ਤੁਸੀਂ ਪੜੇ ਲਿਖੇ ਲੱਗਦੇ ਹੋ , ਜੇ ਦਲ ਖ਼ਾਲਸਾ ਦੇ ਆਗੂ ਹੋ , ਤਾਂ ਤੁਹਾਨੂੰ ਦਲ ਖ਼ਾਲਸਾ ਦੀ ਹਿਸਟਰੀ ਤੇ ਪ੍ਰਾਪਤੀਆਂ ਬਾਰੇ ਪੱਤਾ ਹੋਣਾ ਚਾਹੀਦਾ ਹੈ ।ਤੁਸੀਂ ਉਸੇ ਇਤਿਹਾਸ ਦਾ ਜ਼ਿਕਰ ਕਰੋ ਤੇ ਪੈਂਤੜੇ ਕੇ ਖੜੇ ਹੋ ਕੇ ਕੰਮ ਕਰੋ ਤੇ ਦੱਸੋ ।ਮੈਂ 1975 ਤੋਂ ਇਸੇ ਸੰਸਥਾ ਦੇ ਬਰਾਬਰ ਸਾਂਵੀਂ ਪੱਧਰ ਜਥੇਬੰਦੀ ਵਿੱਚ ਸਰਗਰਮ ਰਿਹਾ ਹਾਂ , ਜੇ ਤੁਹਾਨੂੰ ਇਤਿਹਾਸਕ ਜਾਣਕਾਰੀ ਦੀ ਲੋੜ ਹੈ ਤਾਂ ਮੇਰੇ ਕੋਲ ਹੈ ।ਮੈਂ ਤਹਾਨੂੰ ਇਤਿਹਾਸ ਪੜਾਉਣ ਲਈ ਨਹੀਂ ਲਿਖ ਰਿਹਾ। ਤੁਹਾਨੂੰ ਮੀਡੀਏ ਵਿੱਚ ਇੱਕ ਦੋ ਅਰਧ ਅੱਖਰਾਂ ਦਾ ਟੋਟਕਾ ਲਿਖਣ ਤੇ ਕੌਮ ਨੂੰ ਗੁੰਮਰਾਹ ਕਰਨ ਦਾ ਹੀ ਸ਼ੌਕ ਹੈ ।ਇਹੀ ਕਾਰਨ ਹੈ ਕਿ ਜਦ ਤੁਸੀਂ "ਸਿੱਖਾਂ" ਦੀ ਰਾਜਸਤਾ ਦੀ ਗੱਲ ਕਰਦੇ ਹੋ , ਸ਼ੇਰੇ ਪੰਜਾਬ ਦੇ ਲਾਹੌਰ ਦਰਬਾਰ ਦੀ ਗੱਲ ਨਹੀਂ ਕਰਦੇ ।ਜੇ ਤੁਸੀਂ ਇਸ ਤਰਾਂ ਵਿਰਾਸਤ ਨੂੰ ਪਿੱਠ ਦਿੰਦੇ ਹੋ ਤਾਂ ਇਹ ਬਿਲਕੁਲ ਜਚਦਾ ਨਹੀ ਹੈ , ਢੌਂਗ ਲੱਗਦਾ ਹੈ ? ਪਰ ਜੋ ਬਾਬਾ ਹਰਨਾਮ ਸਿੰਘ ਜੀ ਖਾਲਸਾ (ਭਿੰਡਰਾਂਵਾਲਿਆਂ) ਨੇ ਸ਼ੁਰੂਆਤ ਕੀਤੀ ਹੈ , ਉਹਨਾਂ ਨੇ ਸਿਖਾਂ , ਮਰਾਠਿਆਂ ਤੇ ਰਾਜਪੂਤਾਂ ਵਿਚਾਲੇ ਪੁਰਾਤਨ ਵਿਰਾਸਤ ਦਾ ਇਤਿਹਾਸਕ ਰਿਸ਼ਤਾ ਜੋੜਿਆ ਹੈ ।1619 ਸਮੇਂ ਬੰਦੀ ਛੋੜ ਦਿਵਸ ਸਮੇਂ , ਛੇਵੇਂ ਪਾਤਸ਼ਾਹ, ਸਤਿਗੁਰੂ ਹਰਗੋਬਿੰਦ ਸਾਹਿਬ ਦੀ ਮੇਹਰ ਸਦਕਾ , 52 ਹਿੰਦੂ ਰਾਜੇ ਜਹਾਂਗੀਰ ਦੀ ਕੈਦ ਵਿਚੋਂ , ਗਵਾਲੀਅਰ ਦੇ ਕਿਲੇ ਵਿਚੋਂ ਰਿਹਾ ਹੋਏ ਸਨ ।ਉਹਨਾਂਵਿਚੋਂ 48 ਰਾਜੇ ਮਰਾਂਠੇ ਅਤੇ ਰਾਜਪੂਤ ਰਿਆਸਤਾਂ ਦੇ ਰਾਜੇ ਸਨ ।ਗੁਰੂ ਸਾਹਿਬ ਦੇ ਹੀ ਅਸ਼ੀਰਵਾਦ ਸਦਕਾ ਹੀ ਉਹਨਾਂ ਨੇ ਰਿਹਾ ਹੋ ਕੇ ਆਪਣੀਆਂ ਰਿਆਸਤਾਂ ਦਾ ਰਾਜ ਪ੍ਰਬੰਧ ਕਾਇਮ ਕੀਤਾ ।1619 ਤੋਂ ਉਪਰੰਤ 1764 ਤਕ ਮਰਹੱਟਿਆਂ ਤੇ ਰਾਜਪੂਤਾਂ ਦਾ ਵੱਡਾ ਤਾਕਤ ਵਾਰ ਰਾਜ ਸੀ ।ਜਦ ਕਿ 1764 ਵਿੱਚ ਇਹਨਾਂ ਦੀ ਵੱਡੀ ਜੰਗ ਅਹਿਮਦ ਸ਼ਾਹ ਅਬਦਾਲੀ ਨਾਲ ਪਾਨੀਪਤ ਦੇ ਮੈਦਾਨ ਵਿੱਚ ਹੋਈ ।ਅਬਦਾਲੀ ਦੇ ਫੌਜੀ ਨੁਕਸਾਨ ਤੋਂ ਇਲਾਵਾ ਕੋਈ ਡੇਢ ਲੱਖ ਤੋਂ ਜ਼ਿਆਦਾ ਹਿੰਦੂ ਮਾਰੇ ਗਏ , ਅਬਦਾਲੀ ਜੰਗ ਜਿੱਤ ਕੇ ਹਜ਼ਾਰਾਂ ਔਰਤਾਂ ਨੂੰ ਗੱਡਿਆਂ ਤੇ ਬੰਨ ਕੇ ਲੈ ਤੁਰਿਆ ।ਇਸੇ ਸਮੇਂ ਪੰਜਾਬ ਪਾਸਿਓਂ ਸਿੱਖ ਮਿਸਲਾਂ ਨੇ ਇਕੱਠੇ ਹੋ ਕੇ ਅਬਦਾਲੀ ਨੂੰ ਆ ਘੇਰਿਆ ।ਘਮਸਾਣ ਦੇ ਯੁੱਧ ਵਿੱਚ ਭਾਂਵੇ ਸਿੱਖਾਂ ਦਾ ਬਹੁਤ ਨੁਕਸਾਨ, ਸ਼ਹਾਦਤਾਂ ਹੋਈਆਂ, ਅਬਦਾਲੀ ਔਰਤਾਂ ਦੇ ਕਾਫ਼ਲੇ ਛੱਡ ਕੇ ਭੱਜ ਤੁਰਿਆ ।ਇਸ ਤਰਾਂ ਬਹੁ ਬੇਟੀਆਂ ਦੀ ਇੱਜ਼ਤ ਬਚਾਈ ਗਈ ।ਉਸ ਉਪਰੰਤ ਫਿਰ ਤੋਂ ਮਰਹੱਟਿਆਂ ਨੇ ਆਪਣੇ ਰਾਜ ਦੀ ਪਕੜ ਪੱਕੀ ਕਰ ਲਈ ਸੀ ।ਬਾਬਾ ਹਰਨਾਮ ਸਿੰਘ ਜੀ ਨੇ , ਗੁਰੂ ਹਰਗੋਬਿੰਦ ਸਾਹਿਬ ਦੀ ਮਿਹਰ ਸਦਕਾ ਜੋ ਮਰਾਠੇ ਤੇ ਰਾਜਪੂਤਾਂ ਦੇ ਰਾਜ ਨੂੰ ਜੋ ਅਸ਼ੀਰਵਾਦ ਮਿਲਿਆ ਸੀ , ਉਪਰੋਕਤ ਇਤਿਹਾਸਕ ਵਿਰਾਸਤ ਨੂੰ ਇਕੱਤਰ ਕੀਤਾ ਹੈ ।ਕਿਸੇ ਅਰਧ-ਗਿਆਨੀਆਂ ਦੀ ਤਰੀਂ , ਕਿੰਤੂ ਪ੍ਰੰਤੂ ਕਰਨ ਤੋ ਬਿਨਾ , ਅਰਦਾਸ ਕਰਨੀ ਚਾਹੀਦੀ ਹੈ ਕਿ ਕਾਮਯਾਬੀ ਮਿਲੇ ।ਅੱਜ ਸ਼ਾਇਦ ਸਮਿਆਂ ਬਾਅਦ ਪਹਲੀ ਵਾਰ ਹੈ ਕਿ ਮਹਾਰਾਸ਼ਟਰ ਦੇ ਸਿੱਖਾਂ ਦੇ ਹਾਲਾਤ ਨੂੰ ਦੇਖਿਆ ਜਾ ਰਿਹਾ ਹੈ ।ਇਸੇ ਉਦਮ ਅਨੁਸਾਰ, ਹਜ਼ੂਰ ਸਾਹਿਬ ਦੇ ਪ੍ਰਬੰਧਕ ਢਾਂਚੇ ਵਿੱਚ ਹੋਰ ਸਹਿਯੋਗ ਮਿਲਿਆ ਹੈ ।ਸਟੇਟ ਸਰਕਾਰ ਨੇ ਸਿੱਖ ਆਨੰਦ ਮੈਰਿਜ ਐਕਟ ਤੇ , ਪੰਜਾਬੀ ਪੜਾਈ ਨੂੰ ਲਾਗੂ ਕੀਤਾ ਹੈ ।ਹੋਰ ਪੰਜਾਬੀ (ਗੁਰਮੁਖੀ) ,ਸਿਖ ਇਤਿਹਾਸ ਪੜਾਉਣ ਲਈ ਵਿਦਿਅਕ ਅਦਾਰੇ ਕਾਇਮ ਕੀਤੇ ਜਾ ਰਹੇ ਹਨ ।ਵਣਜਾਰੇ, ਸਿਗਲੀਕਰ ਸਿੱਖਾਂ ਦੀ ਗਰੀਬੀ, ਉਹਨਾਂ ਦੀਆਂ ਪੱਕੀਆਂ ਰਿਹਾਇਸ਼ਾਂ (ਘਰ) ਬਣਾ ਕੇ ਦੇਣ ਦੇ ਟੀਚੇ ਮਿੱਥੇ ਹਨ । ਅਸੀਂ ਇੱਥੇ ਇਹ ਵੀ ਵਰਨਣ ਕਰਨਾ ਯੋਗ ਸਮਝਦੇ ਹਾਂ ਕਿ ਵਣਜਾਰੇ ਸਿੱਖਾਂ ਦੇ ਨਾਮ ਬਦੇ.ਸ਼ ਵਿੱਚੋਂ ਇੱਕ ਸੰਸਥਾ ਸਾਲਾਂ ਤੱਕ ਗੁਮਰਾਹ ਕਰਦੀ ਰਹੀ ।ਸਾਡੇ ਕੋਲ ਰਿਕਾਰਡ ਹੈ , ਇਸ ਸਮੇਂ ਅਸੀਂ ਨਹੀਂ ਚਾਹੁੰਦੇ ਕਿ ਕਿਸੇ ਚਰਚਾ ਦੀ ਲੋੜ ਹੈ , ਹਾਲ ਦੀ ਘੜੀ ਤਾਂ ਬਿਲਕੁਲ ਨਹੀਂ ।ਕਿਉਂਕਿ ਸਾਡਾ ਟੀਚਾ ਅਗਾਂਹ ਲਈ ਕੁਝ ਚੰਗਾ ਕਰਨ ਦਾ ਹੈ ।ਅੱਜ ਹਾਲਾਤ ਸਹੀ ਦਿਸ਼ਾ ਨੂੰ ਸਰਕਾਰੀ ਪੱਧਰ ਤੇ ਸਹਿਯੋਗ ਨਾਲ ਕੀਤੇ ਜਾ ਰਹੇ ਹਨ ।ਅਸੀਂ ਬਾਬਾ ਹਰਨਾਮ ਸਿੰਘ ਹੋਰਾਂ ਨਾਲ ਪੂਰੇ ਸਹਿਯੋਗ ਵਿੱਚ ਸਾਥ ਦੇਵਾਂਗੇ , ਸਾਡੀ ਦਿਲੀ ਇੱਛਾ ਹੈ ਕਿ , ਵਣਜਾਰੇ, ਸਿਕਲੀਗਰ, ਨਾਨਕ ਨਾਮ ਲੇਵਾ ਸਿਖਾਂਦੇ ਹਾਲਾਤ ਨੂੰ ਸਹੀ ਬਣਾਉਣ ਲਈ ਹਰ ਤਨ, ਮਨ ਤੇ ਖਾਸ ਕਰਕੇ " ਧੰਨ" ਦੇ ਉਪਰਾਲੇ ਕੀਤੇ ਜਾਣ ।ਅਸੀਂ ਮਹਾਰਾਸ਼ਟਰ ਸਰਕਾਰ ਦੇ ਵੀ ਧੰਨਵਾਦੀ ਹਾਂ , ਜਿਨੰ ਬੜੀ ਨਿੱਘੀ ਯਾਦ ਨਾਲ 350 ਸਾਲਾ ਸ਼ਹਾਦਤ ਦੀ ਸ਼ਤਾਬਦੀ ਨੂੰ ਮਨਾਇਆ , ਇਤਿਹਾਸਕ ਗੌਰਵਤਾ ਨੂੰ ਕਾਇਮ ਕੀਤਾ ਹੈ ।



**ਪਰਮਿੰਦਰ ਸਿੰਘ ਬੱਲ**
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

## ਗੁਰਦੁਆਰਾ ਹਾਂਡੀ ਸਾਹਿਬ ਵਿੱਚ ਬਣੇਗੀ ਰਿਹਾਇਸ਼

# ਕਾਰ ਸੇਵਾ ਦਿੱਲੀ ਨੂੰ ਮਿਲੀ ਅਹਿਮ ਜ਼ਿੰਮੇਵਾਰੀ



**ਨਵੀਂ ਦਿੱਲੀ, 16 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**-ਤਖ਼ਤ ਪਟਨਾ ਸਾਹਿਬ ਦੇ ਗੁਰਦੁਆਰਾ ਹਾਂਡੀ ਸਾਹਿਬ ਵਿੱਚ ਸੰਗਤ ਦੀ ਰਿਹਾਇਸ਼ ਲਈ ਕਮਰੇ, ਲੰਗਰ ਹਾਲ ਅਤੇ ਨਵੇਂ ਬਾਥਰੂਮ ਬਣਾਉਣ ਦੀ ਕਾਰ ਸੇਵਾ ਦਿੱਲੀ ਵਾਲਿਆਂ ਨੂੰ ਸੌਂਪੀ ਗਈ ਹੈ। ਤਖ਼ਤ ਪਟਨਾ ਕਮੇਟੀ ਦੇ ਉਪ ਪ੍ਰਧਾਨ ਗੁਰਵਿੰਦਰ ਸਿੰਘ, ਸਕੱਤਰ ਹਰਬੰਸ ਸਿੰਘ ਅਤੇ ਮੀਡੀਆ ਪ੍ਰਭਾਰੀ ਸੁਦੀਪ ਸਿੰਘ ਵੱਲੋਂ ਸੇਵਾ ਸੰਬੰਧੀ ਪੱਤਰ ਕਾਰ ਸੇਵਾ ਦਿੱਲੀ ਦੇ ਬਾਬਾ ਗੁਰਨਾਮ ਸਿੰਘ ਨੂੰ ਸੌਂਪਿਆ ਗਿਆ। ਬਾਬਾ ਜੀ ਨੇ ਭਰੋਸਾ ਦਿੱਤਾ ਹੈ ਕਿ ਅਗਲੇ ਸਾਲ ਗੁਰਪੁਰਬ ਤੋਂ ਪਹਿਲਾਂ ਕੰਮ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਜੋ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਨੂੰ ਇੱਥੇ ਰਹਿਣ ਦੀ ਸਹੂਲਤ ਮਿਲ ਸਕੇ। ਸਰਦਾਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਗੁਰਪੁਰਬ ਮੌਕੇ ਸੰਗਤ ਵੱਲੋਂ ਕਮੇਟੀ ਕੋਲ ਮੰਗ ਕੀਤੀ ਗਈ ਸੀ ਕਿ ਗੁਰਦੁਆਰਾ ਹਾਂਡੀ ਸਾਹਿਬ ਦੇ ਨਵੀਨੀਕਰਨ ਦੇ ਨਾਲ ਰਿਹਾਇਸ਼ ਲਈ ਕਮਰੇ, ਲੰਗਰ ਹਾਲ ਅਤੇ ਆਧੁਨਿਕ ਬਾਥਰੂਮ ਬਣਾਏ ਜਾਣ। ਇਸ ਤੋਂ ਬਾਅਦ ਉਨ੍ਹਾਂ ਨੇ ਪ੍ਰਧਾਨ ਜਗਜੋਤ ਸਿੰਘ ਸੋਹੀ, ਸਕੱਤਰ ਇੰਦਰਜੀਤ ਸਿੰਘ ਅਤੇ ਸੀਨੀਅਰ ਉਪ ਪ੍ਰਧਾਨ ਲਖਵਿੰਦਰ ਸਿੰਘ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਸਰਬਸੰਮਤੀ ਨਾਲ ਫੈਸਲਾ ਕਰਦੇ ਹੋਏ ਕਾਰ ਸੇਵਾ ਦਿੱਲੀ ਨੂੰ ਸੇਵਾ ਸੌਂਪਣ ਲਈ ਪੱਤਰ ਜਾਰੀ ਕੀਤਾ ਗਿਆ। ਤਖ਼ਤ ਸਾਹਿਬ ਦੇ ਐਡੀਸ਼ਨਲ ਹੈਡ ਗ੍ਰੰਥੀ ਦਲੀਪ ਸਿੰਘ ਵੱਲੋਂ ਬਾਬਾ ਕਾਰ ਸੇਵਾ ਵਾਲਿਆਂ ਨੂੰ ਸਿਰੋਪਾ ਭੇਟ ਕੀਤਾ ਗਿਆ। ਸਰਦਾਰ ਗੁਰਵਿੰਦਰ ਸਿੰਘ ਨੇ ਇਹ ਵੀ ਦੱਸਿਆ ਕਿ ਪਰਸੋਂ ਤੋਂ ਸ੍ਰੀ ਅਖੰਡ ਪਾਠ ਸਾਹਿਬ ਰੱਖੇ ਗਏ ਸਨ, ਜਿਨ੍ਹਾਂ ਦੀ ਸਮਾਪਤੀ ਤੋਂ ਬਾਅਦ ਅੱਜ ਹਜ਼ੂਰੀ ਰਾਗੀ ਜੱਥਾ ਭਾਈ ਕਵਿੰਦਰ ਸਿੰਘ, ਭਾਈ ਜੋਗਿੰਦਰ ਸਿੰਘ ਬਿੱਟੂ ਅਤੇ ਭਾਈ ਹਰਭਜਨ ਸਿੰਘ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਹਜ਼ੂਰੀ ਕਥਾ ਵਾਚਕ ਭਾਈ ਸਤਿਨਾਮ ਸਿੰਘ ਵੱਲੋਂ ਕਥਾ ਕੀਤੀ ਗਈ।

# ਕੋਸ਼ਿਕਾਵਾਂ ਦੀ ਤੰਦਰੁਸਤੀ ਅਤੇ ਮਨੁੱਖੀ ਸਿਹਤ



ਮਨੁੱਖੀ ਸਿਹਤ ਮੂਲ ਤੌਰ 'ਤੇ ਕੋਸ਼ਿਕਾਵਾਂ ਦੀ ਸਿਹਤ ਦਾ ਪ੍ਰਤੀਬਿੰਬ ਹੈ। ਸਰੀਰ ਦਾ ਵਾਧਾ, ਰੋਗ-ਪ੍ਰਤੀਰੋਧਕਤਾ, ਸੋਚ, ਮੁਰੰਮਤ ਅਤੇ ਬੁਢ.ਾਪਾ—ਹਰ ਜੈਵਿਕ ਪ੍ਰਕਿਰਿਆ ਕੋਸ਼ਿਕਾਵਾਂ ਦੇ ਪੱਧਰ ਤੋਂ ਹੀ ਸ਼ੁਰੂ ਹੁੰਦੀ ਹੈ। ਕੋਸ਼ਿਕਾਵਾਂ ਦੀ ਤੰਦਰੁਸਤੀ ਦਾ ਅਰਥ ਹੈ ਕਿ ਕੋਸ਼ਿਕਾਵਾਂ ਅੰਦਰੂਨੀ ਅਤੇ ਬਾਹਰੀ ਦਬਾਵਾਂ ਦੇ ਬਾਵਜੂਦ ਆਪਣੀ ਸੰਰਚਨਾਤਮਕ ਅਖੰਡਤਾ, ਮੈਟਾਬੋਲਿਕ ਕੁਸ਼ਲਤਾ, ਜੀਨੋਮਿਕ ਸਥਿਰਤਾ ਅਤੇ ਅਨੁਕੂਲਣ ਸਮਰੱਥਾ ਬਣਾਈ ਰੱਖਣ।

**ਸਿਹਤ ਦੀ ਇਕਾਈ ਵਜੋਂ ਕੋਸ਼ਿਕਾਵਾਂ ਦਾ ਯੋਗਦਾਨ**

ਕੋਸ਼ਿਕਾਵਾਂ ਜੀਵਨ ਦੀਆਂ ਸਭ ਤੋਂ ਛੋਟੀਆਂ ਕਾਰਗੁਜ਼ਾਰ ਇਕਾਈਆਂ ਹਨ। ਮਨੁੱਖੀ ਸਰੀਰ ਵਿੱਚ ਖਰਬਾਂ ਵਿਸ਼ੇਸ਼ ਕੋਸ਼ਿਕਾਵਾਂ ਹੁੰਦੀਆਂ ਹਨ ਜੋ ਟਿਸ਼ੂਆਂ ਅਤੇ ਅੰਗਾਂ ਵਿੱਚ ਵਿਉਂਤਬੱਧ ਹਨ ਅਤੇ ਸੁਚੱਜੀਆਂ ਜੈਵ-ਰਸਾਇਣਕ ਪ੍ਰਕਿਰਿਆਵਾਂ 'ਤੇ ਨਿਰਭਰ ਕਰਦੀਆਂ ਹਨ। ਜਦੋਂ ਕੋਸ਼ਿਕਾਵਾਂ ਢੰਗ ਨਾਲ ਕੰਮ ਕਰਦੀਆਂ ਹਨ—ਊਰਜਾ ਬਣਾਉਂਦੀਆਂ ਹਨ, ਨੁਕਸਾਨ ਦੀ ਮਰੰਮਤ ਕਰਦੀਆਂ ਹਨ, ਸਹੀ ਸੰਕੇਤ ਭੇਜਦੀਆਂ ਹਨ ਅਤੇ ਸੰਤੁਲਨ ਕਾਇਮ ਰੱਖਦੀਆਂ ਹਨ—ਤਾਂ ਸਰੀਰ ਸਿਹਤਮੰਦ ਰਹਿੰਦਾ ਹੈ। ਇਸ ਦੇ ਉਲਟ ਕੋਸ਼ਿਕਾਵਾਂ ਦੀ ਖਰਾਬੀ ਲਗਭਗ ਸਾਰੀਆਂ ਬਿਮਾਰੀਆਂ ਜਿਵੇਂ ਦਿਲ ਦੀ ਬਿਮਾਰੀ, ਸ਼ੂਗਰ, ਨਿਊਰੋਡੀਜਨਰੇਸ਼ਨ ਅਤੇ ਕੈਂਸਰ ਦਾ ਆਧਾਰ ਬਣਦੀ ਹੈ।

ਕੋਸ਼ਿਕਾਵਾਂ ਦੀ ਤੰਦਰੁਸਤੀ ਵਿੱਚ ਸ਼ਾਮਲ ਹਨ:

ਮੈਟਾਬੋਲਿਕ ਸਮਰੱਥਾ (ਊਰਜਾ ਉਤਪਾਦਨ ਦੀ ਕੁਸ਼ਲਤਾ)

ਸੰਰਚਨਾਤਮਕ ਅਖੰਡਤਾ (ਸਿਹਤਮੰਦ ਝਿਲੀਆਂ ਅਤੇ ਅੰਗਿਕਾਂ)

ਜੀਨੋਮਿਕ ਸਥਿਰਤਾ (ਘੱਟ ਮਿਊਟੇਸ਼ਨ ਭਾਰ)

ਤਣਾਅ ਸਹਿਣਸ਼ੀਲਤਾ (ਆਕਸੀਕਰਨ ਅਤੇ ਸੋਜ਼ ਤੋਂ ਬਚਾਅ)

ਮਰੰਮਤ ਸਮਰੱਥਾ (ਡੀ ਐਨ ਏ ਮਰੰਮਤ, ਪ੍ਰੋਟੀਨ ਨਵੀਨੀਕਰਨ)

ਕੋਸ਼ਿਕਾਵਾਂ ਦੀ ਤੰਦਰੁਸਤੀ ਦੇ ਜੈਵਿਕ ਨਿਰਣਾਇਕ

**ਮਾਈਟੋਕਾਂਡਰੀਆਲ ਕਾਰਜ**-ਮਾਈਟੋਕਾਂਡਰੀਆ ਕੋਸ਼ਿਕਾ ਲਈ ਊਰਜਾ ਬਣਾਉਂਦੇ ਹਨ। ਇਨ੍ਹਾਂ ਦੀ ਖਰਾਬੀ ਥਕਾਵਟ, ਮੈਟਾਬੋਲਿਕ ਬਿਮਾਰੀਆਂ ਅਤੇ ਜਲਦੀ ਬੁਢ.ਾਪੇ ਨਾਲ ਜੁੜੀ ਹੈ।

**ਸਿਹਤਮੰਦ ਮਾਈਟੋਕਾਂਡਰੀਆ**: ਪ੍ਰਭਾਵਸ਼ਾਲੀ ਆਕਸੀਡੇਟਿਵ ਫਾਸਫੋਰਾਇਲੇਸ਼ਨ

ਨਿਯੰਤਰਿਤ ਆਰ ਓ ਐਸ ਉਤਪਾਦਨ

ਸੰਤੁਲਿਤ ਬਣਤਰ ਅਤੇ ਨਵੀਨੀਕਰਨ

**ਝਿਲੀ ਦੀ ਅਖੰਡਤਾ**-ਕੋਸ਼ਿਕਾ ਝਿਲੀ ਪੋਸ਼ਕ ਤੱਤਾਂ ਦੇ ਪ੍ਰਵੇਸ਼, ਕਚਰੇ ਦੇ ਨਿਕਾਸ ਅਤੇ ਸੰਕੇਤਾਂ ਦੇ ਆਦਾਨ-ਪ੍ਰਦਾਨ ਨੂੰ ਨਿਯੰਤਰਿਤ ਕਰਦੀ ਹੈ। ਇਸ ਦੀ ਲਚਕ ਲਿਪਿਡ ਬਣਤਰ 'ਤੇ ਨਿਰਭਰ ਕਰਦੀ ਹੈ। ਝਿਲੀ ਨੂੰ ਨੁਕਸਾਨ ਆਇਨ ਸੰਤੁਲਨ ਅਤੇ ਸੰਚਾਰ ਨੂੰ ਪ੍ਰਭਾਵਿਤ ਕਰਦਾ ਹੈ।

ਜੀਨੋਮ ਅਤੇ ਪ੍ਰੋਟੀਓਮ ਦੀ ਸਥਿਰਤਾ

ਕੋਸ਼ਿਕਾਵਾਂ ਨੂੰ ਮੈਟਾਬੋਲਿਕ ਉਤਪਾਦਾਂ ਅਤੇ ਵਾਤਾਵਰਣੀ ਕਾਰਕਾਂ ਕਾਰਨ ਲਗਾਤਾਰ ਡੀ ਐਨ ਏ ਨੁਕਸਾਨ ਹੁੰਦਾ ਹੈ। ਮਜ਼ਬੂਤ ਮਰੰਮਤ ਪ੍ਰਣਾਲੀਆਂ ਮਿਊਟੇਸ਼ਨ ਅਤੇ ਕੈਂਸਰ ਤੋਂ ਬਚਾਉਂਦੀਆਂ ਹਨ।

**ਰੀਡਾਕਸ ਸੰਤੁਲਨ**-ਸਧਾਰਣ ਮੈਟਾਬੋਲਿਜ਼ਮ ਦੌਰਾਨ ਆਰ ਐਸ ਬਣਦੇ ਹਨ। ਘੱਟ ਮਾਤਰਾ ਵਿੱਚ ਇਹ ਸੰਕੇਤਕ ਹੁੰਦੇ ਹਨ, ਪਰ ਵੱਧ ਹੋਣ 'ਤੇ ਨੁਕਸਾਨਦੇਹ। ਐਂਟੀਆਕਸੀਡੈਂਟ ਪ੍ਰਣਾਲੀਆਂ ਸੰਤੁਲਨ ਬਣਾਈ ਰੱਖਦੀਆਂ ਹਨ।

ਕੋਸ਼ਿਕਾਵਾਂ ਨੂੰ ਵਧੀਆ ਹਾਲਤ ਵਿੱਚ ਰੱਖਣ ਲਈ ਰਣਨੀਤੀਆਂ

ਸਰੀਰਕ ਕਿਰਿਆਸ਼ੀਲਤਾ

**ਨਿਯਮਿਤ ਕਸਰਤ**: ਮਾਈਟੋਕਾਂਡਰੀਆ ਵੱਧਾਉਂਦੀ ਹੈ।

ਇਨਸੁਲਿਨ ਸੰਵੇਦਨਸ਼ੀਲਤਾ ਸੁਧਾਰਦੀ ਹੈ।

ਐਂਟੀਆਕਸੀਡੈਂਟ ਬਚਾਅ ਮਜ਼ਬੂਤ ਕਰਦੀ ਹੈ।

**ਤਣਾਅ ਦਾ ਨਿਯੰਤਰਣ**-ਲੰਬੇ ਸਮੇਂ ਦਾ ਤਣਾਅ ਕੋਰਟਿਸੋਲ ਵਧਾ ਕੇ ਕੋਸ਼ਿਕਾਵਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਧਿਆਨ, ਸਾਹ ਦੀਆਂ ਕਸਰਤਾਂ ਅਤੇ ਸਮਾਜਿਕ ਸਹਿਯੋਗ ਲਾਭਕਾਰੀ ਹਨ।

ਜ਼ਹਿਰੀਲੇ ਤੱਤਾਂ ਤੋਂ ਬਚਾਅ

ਤੰਬਾਕੂ, ਪ੍ਰਦੂਸ਼ਣ, ਸ਼ਰਾਬ ਅਤੇ ਭਾਰੀ ਧਾਤਾਂ ਕੋਸ਼ਿਕਾਵਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

ਆਰਾਮ ਅਤੇ ਨੀਂਦ — ਕੋਸ਼ਿਕਾਈ ਮਰੰਮਤ ਦੇ ਸਾਧਨ

**ਨੀਂਦ ਦੌਰਾਨ**:ਡੀ ਐਨ ਏ ਮੁਰੰਮਤ ਵੱਧਦੀ ਹੈ,ਦਿਮਾਗੀ ਕਚਰਾ ਦੂਰ ਹੁੰਦਾ ਹੈ, ਗ੍ਰੋਥ ਹਾਰਮੋਨ ਨਿਕਲਦਾ ਹੈ।ਮੇਲਾਟੋਨਿਨ ਐਂਟੀਆਕਸੀਡੈਂਟ ਵਜੋਂ ਕੰਮ ਕਰਦਾ ਹੈ।

ਰੋਗ-ਪ੍ਰਤੀਰੋਧਕ ਕੋਸ਼ਿਕਾਵਾਂ ਨਵੀਨੀਕ੍ਰਿਤ ਹੁੰਦੀਆਂ ਹਨ।

**ਨੀਂਦ ਦੀ ਕਮੀ ਨਾਲ**: ਆਕਸੀਕਰਨ ਤਣਾਅ ਵੱਧਦਾ ਹੈ, ਸੋਜ਼ ਵੱਧਦੀ ਹੈ,ਬੁਢ.ਾਪਾ ਤੇਜ਼ ਹੁੰਦਾ ਹੈ।

ਕੁਦਰਤੀ ਭੋਜਨ ਅਤੇ ਕੋਸ਼ਿਕਾਵਾਂ ਦੀ ਸਿਹਤ

ਪੂਰੇ ਪੌਧੇ ਆਧਾਰਿਤ ਭੋਜਨ

ਫਲ, ਸਬਜ਼ੀਆਂ, ਦਾਲਾਂ, ਸੁੱਕੇ ਮੇਵੇ ਅਤੇ ਅਨਾਜ:

ਵਿਟਾਮਿਨ ਅਤੇ ਖਣਿਜ ਪ੍ਰਦਾਨ ਕਰਦੇ ਹਨ

ਐਂਟੀਆਕਸੀਡੈਂਟ ਮੁਹੱਈਆ ਕਰਦੇ ਹਨ

ਅੰਤੜੀਆਂ ਦੇ ਮਾਈਕ੍ਰੋਬਾਇਓਟਾ ਨੂੰ ਸਹਾਰਾ ਦਿੰਦੇ ਹਨ।

**ਸਿਹਤਮੰਦ ਚਰਬੀਆਂ**-ਓਮੇਗਾ-3 ਫੈਟੀ ਐਸਿਡ ਝਿਲੀ ਦੀ ਲਚਕ ਅਤੇ ਦਿਮਾਗ.ੀ ਸਿਹਤ ਲਈ ਜ਼ਰੂਰੀ ਹਨ।

ਉੱਚ ਗੁਣਵੱਤਾ ਵਾਲੇ ਪ੍ਰੋਟੀਨ

ਐਂਜ਼ਾਈਮ, ਟਿਸ਼ੂ ਅਤੇ ਰੋਗ-ਪ੍ਰਤੀਰੋਧਕ ਤੱਤਾਂ ਲਈ ਲਾਜ਼ਮੀ ਹਨ।

**ਸੂਖਮ ਪੋਸ਼ਕ ਤੱਤ**-ਜ਼ਿੰਕ, ਮੈਗਨੀਸ਼ੀਅਮ, ਸੈਲੀਨੀਅਮ ਅਤੇ ਬੀ-ਵਿਟਾਮਿਨ ਕੋਸ਼ਿਕਾਈ ਕਾਰਜ ਲਈ ਮਹੱਤਵਪੂਰਣ ਹਨ।

ਕੁਦਰਤੀ ਅਤੇ ਅਲਟਰਾ-ਪ੍ਰੋਸੈਸਡ ਭੋਜਨ

ਕੁਦਰਤੀ ਭੋਜਨ ਸਿਹਤ ਲਈ ਲਾਭਕਾਰੀ, ਜਦਕਿ ਬਹੁਤ ਪ੍ਰੋਸੈਸਡ ਭੋਜਨ ਸੋਜ ਅਤੇ ਮੈਟਾਬੋਲਿਕ ਤਣਾਅ ਵਧਾਉਂਦੇ ਹਨ।

ਸਰੀਰ ਲਈ ਕੋਸ਼ਿਕਾਈ ਸਿਹਤ ਦੀ ਮਹੱਤਤਾ

**ਸਿਹਤਮੰਦ ਕੋਸ਼ਿਕਾਵਾਂ**: ਅੰਗਾਂ ਦੀ ਕਾਰਗੁਜ਼ਾਰੀ ਸੁਧਾਰਦੀਆਂ ਹੈ , ਮਜ਼ਬੂਤ ਰੋਗ-ਪ੍ਰਤੀਰੋਧਕਤਾ,ਸਥਿਰ ਮੈਟਾਬੋਲਿਜ਼ਮ,ਮਨ ਦੀ ਸਪੱਸ਼ਟਤਾ,ਬਿਮਾਰੀਆਂ ਤੋਂ ਬਚਾਅ।

ਕੋਸ਼ਿਕਾਈ ਸਿਹਤ ਅਤੇ ਬੁਢ.ਾਪਾ

**ਬੁਢ.ਾਪੇ ਨਾਲ**: ਟੇਲੋਮੀਅਰ ਘੱਟਦੇ ਹਨ,ਮਾਈਟੋਕਾਂਡਰੀਆ ਕਮਜ਼ੋਰ ਹੁੰਦੇ ਹਨ,ਬੁੱਢੀਆਂ ਕੋਸ਼ਿਕਾਵਾਂ ਇਕੱਠੀਆਂ ਹੁੰਦੀਆਂ ਹਨ,ਨਵੀਂ ਬਣਤਰ ਘੱਟਦੀ ਹੈ,ਸਹੀ ਜੀਵਨਸ਼ੈਲੀ ਸਿਹਤਮੰਦ ਉਮਰ ਵੱਧਾ ਸਕਦੀ ਹੈ।

ਕੋਸ਼ਿਕਾਈ ਤੰਦਰੁਸਤੀ ਮਨੁੱਖੀ ਸਿਹਤ ਦੀ ਜੈਵਿਕ ਨੀਂਹ ਹੈ। ਸੰਤੁਲਿਤ ਆਹਾਰ, ਕਸਰਤ, ਪੂਰੀ ਨੀਂਦ, ਤਣਾਅ ਨਿਯੰਤਰਣ, ਪਾਣੀ ਅਤੇ ਵਿਸ਼ਾਂ ਤੋਂ ਬਚਾਅ — ਇਹ ਸਭ ਮਿਲ ਕੇ ਕੋਸ਼ਿਕਾਵਾਂ ਨੂੰ ਸੁਰੱਖਿਅਤ ਅਤੇ ਮਜ਼ਬੂਤ ਬਣਾਉਂਦੇ ਹਨ।

ਆਧੁਨਿਕ ਇਲਾਜ਼ ਪ੍ਰਣਾਲੀ ਵਿੱਚ ਅੰਗ-ਪੱਧਰ ਦੀ ਬਿਮਾਰੀ ਦੇ ਇਲਾਜ ਦੀ ਥਾਂ ਕੋਸ਼ਿਕਾਵਾਂ ਦੀ ਸੁਰੱਖਿਆ 'ਤੇ ਧਿਆਨ ਕੇਂਦ੍ਰਿਤ ਕਰਨਾ ਲੰਬੇ ਸਮੇਂ ਦੀ ਸਿਹਤ ਲਈ ਬਹੁਤ ਪ੍ਰਭਾਵਸ਼ਾਲੀ ਰਣਨੀਤੀ ਹੈ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਵਿਭਾਗ ਦੇ ਫੈਕਲਟੀ ਮੈਂਬਰ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

ਪ੍ਰੈਸ ਸੰਘਰਸ਼ ਨੇ ਲਗਾਇਆ ਖ਼ੂਨਦਾਨ ਕੈਂਪ, ਜਾਰੀ ਕੀਤਾ 2026 ਦਾ ਕੈਲੰਡਰ ਮੇਅਰ ਮੋਤੀ ਭਾਟੀਆ ਨੇ ਕੀਤਾ ਸਮਾਰੋਹ ਦਾ ਆਗਾਜ

# ਜੀਵਨਜੋਤ ਕੌਰ ਐਮ ਐਲ ਏ ਨੂੰ ਮੁੱਖ ਮੰਤਰੀ ਦੇ ਨਾਮ ਤੇ ਦਿੱਤਾ ਮੰਗ ਪੱਤਰ







**ਜੰਡਿਆਲਾ ਗੁਰੂ, 16 ਫ਼ਰਵਰੀ (ਕੁਲਵੰਤ ਸਿੰਘ ਵਿਰਦੀ )**-ਪ੍ਰੈਸ ਸੰਘਰਸ਼ ਜਰਨਲਿਸਟਸ ਐਸੋ ਰਜਿ ਦਾ 14ਵਾਂ ਸਲਾਨਾਂ ਪੱਤਰਕਾਰ ਸੈਮੀਨਾਰ ਅੱਜ ਬੀਬੀ ਕੌਲਾਂ ਜੀ ਸਕੂਲ ਤਰਨ ਤਾਰਨ ਰੋਡ ਅੰਮ੍ਰਿਤਸਰ ਵਿਖੇ ਸਮੂਹ ਪੱਤਰਕਾਰ ਭਾਈਚਾਰੇ ਨੇ ਮਿਲਕੇ ਮਨਾਇਆ। ਇਸ ਸਮਾਰੋਹ ਦੀ ਪ੍ਰਧਾਨਗੀ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਨੇ ਕੀਤੀ। ਇਸ ਸੈਮੀਨਾਰ ਵਿੱਚ ਪੰਜਾਬ ਦੇ ਨਾਲ ਲਗਦੇ ਬਾਹਰੀ ਰਾਜਾਂ ਤੋਂ ਵੀ ਪੱਤਰਕਾਰ ਸ਼ਾਮਿਲ ਹੋਏ ਸਲਾਨਾਂ ਵਰੇਗੰਡ ਨੂੰ ਆਯੋਜਿਤ ਪ੍ਰੋਗਰਾਮ ਦੌਰਾਨ ਈ ਐਮ ਸੀ ਹਸਪਤਾਲ ਦੀ ਟੀਮ ਨੇ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਪੱਤਰਕਾਰ ਸਾਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਖ਼ੂਨਦਾਨ ਕੀਤਾ ਪੱਤਰਕਾਰ ਸਮਾਰੋਹ ਦਾ ਆਗਾਜ਼ ਅੰਮ੍ਰਿਤਸਰ ਦੇ ਮੇਅਰ ਸ਼੍ਰੀ ਮੋਤੀ ਭਾਟੀਆ ਨੇ ਕਰਦਿਆਂ ਪੱਤਰਕਾਰ ਭਾਈਚਾਰੇ ਨੂੰ ਵਧਾਈ ਦਿੱਤੀ। ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਧਰਮਪਤਨੀ ਸ਼੍ਰੀਮਤੀ ਸੁਰਿੰਦਰ ਕੌਰ,ਸ਼੍ਰੀਮਤੀ ਜੀਵਨਜੋਤ ਕੌਰ ਐਮ ਐਲ ਏ ਉਚੇਚੇ ਤੌਰ ਤੇ ਪੁੱਜੇ ਪੱਤਰਕਾਰਾਂ ਨੇ ਯੂਨੀਅਨ ਵਲੋਂ ਪੱਤਰਕਾਰ ਭਾਈਚਾਰੇ ਦੀਆਂ ਹੱਕੀ ਮੰਗਾ ਨੂੰ ਲੈ ਜੀਵਨਜੋਤ ਕੌਰ ਐਮ ਐਲ ਏ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾ ਮੰਗ ਪੱਤਰ ਸੌਂਪਿਆ ਜਿਸ ਤੇ ਸ਼੍ਰੀਮਤੀ ਜੀਵਨਜੋਤ ਕੌਰ ਐਮ ਐਲ ਏ ਨੇ ਵਿਸ਼ਵਾਸ ਦਿਵਾਇਆ ਕਿ ਜਲਦੀ ਹੀ ਇਹਨਾਂ ਮੰਗਾ ਨੂੰ ਮੁੱਖ ਮੰਤਰੀ ਸਾਹਬ ਦੇ ਧਿਆਨ ਵਿੱਚ ਲਿਆ ਕੇ ਪ੍ਰਵਾਨਗੀ ਦਿਵਾਈ ਜਾਵੇਗੀ। ਇਸ ਮੌਕੇ ਇੰਦਰਜੀਤ ਅਰੋੜਾ,ਕੰਵਲਜੀਤ ਸਿੰਘ ਵਾਲੀਆ,ਐਡਵੋਕੇਟ ਕੰਵਰ ਰਜਿੰਦਰ ਸਿੰਘ,ਪ੍ਰਦੀਪ ਗੋਇਲ, ਗੁਰਮੀਤ ਸੂਰੀ,ਕਮਲ ਭਲਵਾਨ,ਰਮਨ,ਆਰ ਕੇ ਸੋਨੀ, ਮੈਡਮ ਰੇਖਾ ਮਹਾਜਨ ,ਸੰਜੀਵ ਅਰੋੜਾ ਬਿੱਟੂ ਮਿਰਚਾਂ ਵਾਲੇ,ਸੁਮੀਤ ਕੰਬੋਜ,ਤਰਸੇਮ ਸਿੰਘ, ਭੁਪਾਲ,ਜੋਗਿੰਦਰ ਜੋੜਾ,ਪੁਸ਼ਿਪੰਦਰ ਬੰਟੀ,ਕਰਨ ਕਪੂਰ,ਮੋਹਨ ਹੰਸ,ਸੰਜੀਵ ਨਈਅਰ,ਵਜਿੰਦਰ ਕਸ਼ਿਅਪ,ਡਾ ਪ੍ਰਦੀਪ,ਸੋਨੂ,ਸੁਖਵਿੰਦਰ, ਵਰਿੰਦਰ,, ਗੁਰਵਿੰਦਰ, ਦਿਨੇਸ਼ ਵਾਲੀਆ, ਸਰਬਜੀਤ,ਨਰਿੰਦਰਪਾਲ,ਸਾਹਬ ਸਿੰਘ,ਵਿਜੇ ਭਾਰਗਵ,ਜਗਜੀਤ ਸੱਗੂ,ਮੁਕੇਸ਼ ਬੇਦੀ,ਰਜਿੰਦਰ ਬਲਗਣ, ਵਿਪਨ, ਗੌਰਵ ਅਰੋੜਾ,ਹਰਨੀਤ ਸਿੰਘ,ਤਰਸੇਮ ਚੰਦ ਮੋਨੂੰ,ਨਰਿੰਦਰ ਰਾਏ, ਗੁਰਪਾਲ ਰਾਏ, ਸਾਜਨ,ਦਕਸ਼ ਭਾਟੀਆ,ਰਾਮਸ਼ਰਨਜੀਤ ਸਿੰਘ ਜੰਡਿਆਲਾ ਗੁਰੂ , ਮੰਗਲਦੀਪ ਸਿੰਘ,ਗੁਰਦੇਵ ਸਿੰਘ ਮੱਲ੍ਹੀ ਦਵਿੰਦਰ ਪੁਰੀ,ਸੁਸ਼ੀਲ ਸ਼ਰਮਾ,ਮੁਕੇਸ਼ ਪਠਾਨਕੋਟ, ਗੁਰਦੇਵ, ਸ,ਗੁਲਸ਼ਨ, ਅਨੀਤਾ, ਸੁਰਿੰਦਰ ਸ਼ਰਮਾ,ਸੁਬਾਸ਼ ਚੰਦਰ, ਕੇਵਲ ਕਟੋਚ,ਗੁਰਮੀਤ ਮੁਕੇਰੀਆਂ, ਹਰਦੀਪ ਭੰਵਰਾ,ਸੰਜੇ ਕਪੂਰ, ਮਨੀ,ਸੁਦੇਸ਼ ਕੁਮਾਰ,ਦਵਿੰਦਰ,ਪੁਰੀ,ਸੁਸ਼ੀਲ ਸ਼ਰਮਾ, ਮਲਕੀਤ, ਕਰਮਜੀਤ ਸਿੰਘ,ਜਸਬੀਰ,ਗੁਰਦੇਵ ਸਿੰਘ,ਰਮੇਸ਼ ਭਾਟੀਆ, ਜਤਿੰਦਰ, ਭੁਪਿੰਦਰ ਸੋਢੀ,ਨੀਰਜ,ਅਸ਼ੋਕ ਆਦਿ ਤੋਂ ਇਲਾਵਾ ਸੈਂਕੜੇ ਦੀ ਤਦਾਦ ਵਿੱਚ ਪੱਤਰਕਾਰ ਸ਼ਾਮਿਲ ਹੋਏ।

ਸੀਵਰਮੈਂਨ ਵੇਲਫੇਅਰ ਯੂਨੀਅਨ ਵਲੋਂ

# ਜੋਨ ਨੰਬਰ 8 ਵਿਖੇ ਮਨਾਇਆ ਗਿਆ ਮਹਾਂ ਸ਼ਿਵਰਾਤਰੀ ਦਾ ਤਿਉਹਾਰ



**ਚੌਕ ਮਹਿਤਾ, 16 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮਹਾਸ਼ਿਵਰਾਤਰੀ ਦਾ ਤਿਉਹਾਰ ਜੋਨ ਨੰਬਰ 8 ਸਮੂਹ ਸਟਾਫ ਸੀਵਰਮੇਨ ਵੈਲਫੇਅਰ ਯੂਨੀਅਨ ਦੇ ਚੇਅਰਮੈਨ ਦੀਪਕ ਮੱਟੂ ਅਤੇ ਪ੍ਰਤਾਪ ਸਟੀਲ ਮਿੱਲ ਦੇ ਨਿਵਾਸੀਆ ਵਲੋਂ ਸ਼ਿਵ ਮੰਦਿਰ ਜੋਨ ਨੰਬਰ 8 ਵਿਖੇ ਮਨਾਇਆ ਗਿਆ। ਇਸ ਮੌਕੇ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਭਗਤਾ ਵਲੋਂ ਭਗਵਾਨ ਭੋਲੇ ਨਾਥ ਜੀ ਦੇ ਭਜਨਾ ਨਾਲ ਸੰਗਤਾਂ ਦਾ ਮਨ ਮੋਹ ਲਿਆ ਇਸ ਮੌਕੇ ਮੁੱਖ ਮਹਿਮਾਨ ਮੇਅਰ ਸ੍ਰੀ ਜਤਿੰਦਰ ਸਿੰਘ ਮੋਤੀ ਭਾਟੀਆ,ਸ੍ਰੀ ਅਸ਼ਵਨੀ ਸ਼ਰਮਾ ਲੇਬਰ ਸੈੱਲ ਸਟੇਟ ਕਨਵੀਨਰ ਬੀ ਜੈਪੀ,ਨਗਰ ਨਿਗਮ ਕਰਮਚਾਰੀ ਏਕਤਾ ਸੰਗਠਨ ਦੇ ਪ੍ਰਧਾਨ ਸੁਰਿੰਦਰ ਸ਼ਰਮਾ, ਅਰਵੀਂਨ ਭਕਨਾ ਜੀ ਕੌਂਸਲਰ,ਕਮਲ ਕੁਮਾਰ,ਸਸ਼ੀ ਗਿੱਲ ਭਾਜਪਾ ਨੇਤਾ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਪਹੁੰਚ ਕੇ ਭਗਵਾਨ ਭੋਲੇਨਾਥ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਲੰਗਰ ਅਤੁੱਟ ਵਰਤਾਇਆ ਗਿਆ ਇਸ ਮੌਕੇ ਹਰਜੀਤਪਾਲ ਇੰਸਪੈਕਟਰ,ਨਰਿੰਦਰ ਕੁਮਾਰ,ਸੁਰਿੰਦਰ ਵਾਲੀਆ,ਸਤਪਾਲ ,ਵਿਵੇਕ ਜੀ,ਰਾਜੇਸ਼ ਕੁਮਾਰ,ਜੋਨੀ ਹੰਸ ,ਗੋਲਡੀ,ਅਸ਼ੋਕ ਹੰਸ,ਵਿਕਾਸ ਜੀਤ,ਮਨਦੀਪ ਵਡਾਲੀ,ਰਾਕੇਸ਼ , ਸੋਨੂੰ,ਬਲਦੇਵ,ਗੁਲਸ਼ਨ,ਵਿਕਾਸ ਕੁਮਾਰ,ਸਾਹਿਲ,ਸੁਰਿੰਦਰ ਕੁਮਾਰ,ਰਵੀ ਕੁਮਾਰ,ਸੁਨੀਲ ਬੇਦੀ ਜੇ ਈ ਆਦਿ ਸੰਗਤਾਂ ਹਾਜ਼ਰ ਸਨ।

## ਏ ਆਈ ਤਕਨੀਕ ਰਾਹੀਂ ਦਰਬਾਰ ਸਾਹਿਬ ਦੀਆਂ ਪਰਕਰਮਾਂ 'ਚ ਦਿਖਾਈਆਂ ਪਵਿੱਤਰਤਾ ਵਿਰੋਧੀ ਤਸਵੀਰਾਂ ਦੇ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ :ਸਿੱਖ ਸਟੂਡੈਂਟਸ ਫੈਡਰੇਸ਼ਨ



**ਜੰਡਿਆਲਾ ਗੁਰੂ, 16 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਏ ਆਈ ਤਕਨੀਕ ਰਾਹੀਂ ਸਿੱਖ ਕੌਮ ਮਹਾਂਨ ਪਵਿੱਤਰ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਸੋਸ਼ਲ ਮੀਡੀਆ ਤੇ ਸਿੱਖ ਰਹਿਤ ਮਰਿਆਦਾ ਦੇ ਉਲਟ ਰੂਪ 'ਚ ਪੇਸ਼ ਕਰਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁਚਾਉਣ ਵਾਲੇ ਗੈਰ ਸਿਧਾਂਤਕ ਵਰਤਾਰੇ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਕਰਕੇ ਦਿਨੋਂ ਦਿਨ ਵਧਦੇ ਜਾ ਰਹੇ ਹਨ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਇੱਕ ਹੋਰ ਪਵਿੱਤਰਤਾਂ ਵਿਰੁਧੀ ਵਰਤਾਰਾ ਵੇਖਣ ਨੂੰ ਮਿਲ਼ਿਆ, ਜਿਸ ਵਿੱਚ ਹਰਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਇੱਕ ਗੱਡੀ 'ਚ ਸਵਾਰ ਨੰਗੇ ਸਿਰ ਪੈਰੀਂ ਜੁੱਤੇ ਪਾਏ ਹੋਏ ਨੌ ਜਵਾਨਾਂ ਨੂੰ ਏ ਆਈ ਤਕਨੀਕ ਰਾਹੀਂ ਸੋਸ਼ਲ ਮੀਡੀਆ ਤੇ ਦਿਖਾਇਆ ਗਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸਬੰਧੀ ਸਖ਼ਤ ਨਿਧੇਦੀ ਕੀਤੀ ਤੇ ਦੋਸ਼ੀਆਂ ਨੂੰ ਫ਼ੜ ਕੇ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ, ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਦਰਬਾਰ ਸਾਹਿਬ ਦੀ ਪਵਿੱਤਰਤਾ ਵਿਰੋਧੀ ਏ ਆਈ ਤਕਨੀਕ ਰਾਹੀਂ ਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਵਾਲੀ ਪਾਈ ਗਈ ਸੋਸ਼ਲ ਮੀਡੀਆ ਤੇ ਵਾਇਰਲ ਹੋਈ ਵੀਡੀਓ ਦੇ ਦੋਸ਼ੀਆਂ ਨੂੰ ਜਲਦੀ ਕਾਬੂ ਕਰਨ ਦੀ ਮੰਗ ਕਰਨ ਦੇ ਨਾਲ ਨਾਲ ਏ ਆਈ ਤਕਨੀਕ ਰਾਹੀਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਦੀ ਜਲਦੀ ਭਾਲ ਕਰੇ ਅਤੇ ਸਖ਼ਤ ਤੋਂ ਸਖ਼ਤ ਧਰਾਵਾਂ ਲਾ ਕੇ ਪਰਚਾ ਦਰਜ਼ ਕਰਨ ਦੀ ਲੋੜ ਤੇ ਜੋਰ ਦੇਵੇ ਤਾਂ ਕਿ ਅੱਗੇ ਤੋਂ ਕੋਈ ਸ਼ਰਾਰਤੀ ਅਨਸਰ ਏ ਆਈ ਰਾਹੀਂ ਅਜਿਹੀ ਸ਼ਰਾਰਤ ਕਰਨ ਦੀ ਜੁਰਅਤ ਨਾ ਕਰ ਸਕੇ, ਜਿਸ ਨਾਲ ਸਿੱਖ ਸ਼ਰਧਾਲੂਆਂ ਦੀਆਂ ਮਨ ਭਾਵਨਾਵਾਂ ਨੂੰ ਠੇਸ ਪਹੁੰਚਦੀਆਂ ਹੋਵੇ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਏ ਆਈ ਤਕਤੀਕ ਰਾਹੀਂ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਠੇਸ ਪਹੁਚਾਉਣ ਵਾਲੀ ਸੋਸਲ ਮੀਡੀਏ ਤੇ ਵਾਇਰਲ ਹੋਈ ਵੀਡੀਓ ਤੇ ਗਹਿਰੀ ਚਿੰਤਾ ਤੇ ਅਜਿਹੇ ਸ਼ਰਾਰਤੀ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਉਹਨਾਂ ਕਿਹਾ ਏ ਆਈ ਤਕਨੀਕ ਰਾਹੀਂ ਪਵਿੱਤਰ ਦਰਬਾਰ ਸਾਹਿਬ ਦੀ ਪਵਿੱਤਰਤਾ ਵਿਰੋਧੀ ਘਟਨਾਵਾਂ ਵਿਚ ਵਾਧਾ ਹੋਇਆ ਹੈ, ਭਾਈ ਖਾਲਸਾ ਨੇ ਕਿਹਾ ਅਗਰ ਸਰਕਾਰ ਨੇ ਅਜਿਹੀਆਂ ਹੋਈਆਂ ਪਹਿਲੀਆਂ ਘਟਨਾਵਾਂ ਤੋਂ ਸਬਕ. ਸਿੱਖ ਕੇ ਇਸ ਸਬੰਧੀ ਉਚਿੱਤ ਕਾਰਵਾਈ ਕੀਤੀ ਹੁੰਦੀ ਤਾਂ ਅੱਜ ਵਰਗੀ ਹੋਈ ਘਟਨਾ ਨਹੀਂ ਸੀ ਵਾਪਰ ਸਕਦੀ ਇਸ ਕਰਕੇ ਸਾਡੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਦਰਬਾਰ ਸਾਹਿਬ ਦੀ ਪਵਿੱਤਰਤਾ ਵਿਰੁੱਧ ਏ ਆਈ ਤਕਨੀਕ ਰਾਹੀਂ ਵੀਡੀਓ ਬਣਾਉਣ ਵਾਲਿਆਂ ਨੂੰ ਜਲਦੀ ਗਿਰਫ਼ਤਾਰ ਕਰਕੇ ਸਖਤ ਕਾਰਵਾਈ ਦੀ ਮੰਗ ਕਰਦੀ ਹੈ ਉਥੇ ਸਰਕਾਰ ਤੋਂ ਮੰਗ ਕਰਦੀ ਹੈ ਕਿ ਏ ਆਈ ਤਕਨੀਕ ਰਾਹੀਂ ਲੋਕਾਂ ਦੀਆਂ ਧਰਮੀਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਕਿਉਂਕਿ ਸਰਕਾਰ ਦੀ ਢਿੱਲ ਮੱਠ ਕਰਕੇ ਇਹਨਾਂ ਘਟਨਾਵਾਂ ਵਿਚ ਵਾਧਾ ਹੋਇਆ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਤੇ ਹੋਰਾਂ ਨੇ ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਜਲਦੀ ਗਿਰਫ਼ਤਾਰ ਕਰਨ ਦੇ ਨਾਲ ਨਾਲ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ।

# ਮਹਾ ਸ਼ਿਵਰਾਤਰੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ ਕੈਬਨਿਟ ਮੰਤਰੀ ਸ੍ਰ ਈ.ਟੀ.ਓ ਵੱਖ ਵੱਖ ਧਾਰਮਿਕ ਸਥਾਨਾਂ ਤੇ ਹੋਏ ਨਤਮਸਤਕ

## ਸਾਰੇ ਧਰਮ ਸਾਨੂੰ ਆਪਸੀ ਭਾਈਚਾਰਕ ਸਾਂਝ ਦਾ ਉਪਦੇਸ਼ ਦਿੰਦੇ ਹਨ ਸ੍ਰ ਈ.ਟੀ.ਓ.





ਜੰਡਿਆਲਾ ਗੁਰੂ 16 ਫਰਵਰੀ ( ਕੁਲਵੰਤ ਸਿੰਘ ਵਿਰਦੀ ) ਮਹਾਂ ਸ਼ਿਵਰਾਤਰੀ ਦੇ ਪਾਵਨ ਅਵਸਰ 'ਤੇ ਜੰਡਿਆਲਾ ਗੁਰੂ-ਅੰਮ੍ਰਿਤਸਰ ਦੇ ਵੱਖ ਵੱਖ ਧਾਰਮਿਕ ਸਥਾਨਾਂ 'ਤੇ ਆਯੋਜਿਤ ਭਜਨ-ਕੀਰਤਨ ਅਤੇ ਸ਼ਿਵਰਾਤਰੀ ਦੀਆਂ ਰੌਣਕਾਂ ਵਿੱਚ ਕੈਬਨਟ ਮੰਤਰੀ ਸਰਦਾਰ ਹਰਭਜਨ ਸਿੰਘ ਈਟੀਓ ਨੇ ਸ਼ਾਮਿਲ ਹੋ ਕੇ ਭਗਵਾਨ ਸ਼ਿਵ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਸਰਦਾਰ ਈਟੀਓ ਵੱਲੋਂ ਸ੍ਰੀ. ਲਛਮੀ ਨਾਰਾਇਣ ਮੰਦਿਰ (ਨਿਊ ਅੰਮ੍ਰਿਤਸਰ),ਮੰਦਿਰ ਮਾਤਾ ਸੂਧਾ ਧਾਮ (ਮਜੀਠਾ ਰੋਡ, ਬਾਈਪਾਸ),ਬ੍ਰਹਮ ਕੁਮਾਰੀ ਆਸ਼ਰਮ (ਮੋਰੀ ਗੇਟ, ਜੰਡਿਆਲਾ ਗੁਰੂ),ਡਾਲੀਆਣਾ ਮੰਦਿਰ (ਜੰਡਿਆਲਾ ਗੁਰੂ) ਵਿਖੇ ਪਹੁੰਚ ਕੇ ਭਗਵਾਨ ਸ਼ਿਵ ਜੀ ਦਾ ਅਸ਼ੀਰਵਾਦ ਲਿਆ ਅਤੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ। ਉਹਨਾਂ ਕਿਹਾ ਕਿ ਸਾਰੇ ਧਰਮ ਸਾਨੂੰ ਆਪਸੀ ਭਾਈਚਾਰਕ ਸਾਂਝ ਦਾ ਉਪਦੇਸ਼ ਦਿੰਦੇ ਹਨ ਅਤੇ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਸਾਰੇ ਧਰਮਾਂ ਦਾ ਸਤਿਕਾਰ ਕਰੀਏ। ਸਰਦਾਰ ਈਟੀਓ ਵੱਲੋਂ ਸ਼ਿਵ ਭਗਤਾਂ ਵੱਲੋਂ ਭਗਵਾਨ ਭੋਲੇ ਸ਼ੰਕਰ ਦੀ ਮਹਿਮਾ ਦਾ ਗੁਣ ਗਾਣ ਵੀ ਸਰਵਣ ਕੀਤਾ ਅਤੇ ਭੋਲੇ ਸ਼ੰਕਰ ਦੀ ਆਰਤੀ ਵੀ ਕੀਤੀ।

ਗੁਰਦੁਆਰਾ ਸਿੰਘਾਂ ਸ਼ਹੀਦਾਂ ਨੰਗਲ ਬੇਟ ਫ਼ਿਲੌਰ ਵਿਖੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ

# ਸਮਾਗਮ ਚ ਵੱਡੀ ਗਿਣਤੀ 'ਚ ਸੰਗਤਾਂ ਭਰੀ ਹਾਜ਼ਰੀ : ਸੰਤ ਸੁਖਵਿੰਦਰ ਸਿੰਘ



**ਜੰਡਿਆਲਾ ਗੁਰੂ 16 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਗੁਰਦੁਆਰਾ ਸਿੰਘਾਂ ਸ਼ਹੀਦਾਂ ਨੰਗਲ ਬੇਟ ਨੇੜੇ ਅਲੋਵਾਲ ਫ਼ਿਲੌਰ ਵਿਖੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ 'ਚ ਹਜ਼ਾਰਾਂ ਸੰਗਤਾਂ ਨੇ ਆਪਣੀ ਹਾਜ਼ਰੀ ਲਵਾਈ ਤੇ ਮਨੁੱਖੀ ਜੀਵਨ ਨੂੰ ਸਫਲ ਬਣਾਇਆ, ਸਮਾਗਮ ਦੇ ਕਰਤਾ ਧਰਤਾ ਤੇ ਇੰਟਰਨੈਸ਼ਨਲ ਸੰਤ ਸਮਾਜ ਦੇ ਜਨਰਲ ਸੈਕਟਰੀ ਸੰਤ ਸੁਖਵਿੰਦਰ ਸਿੰਘ ਜੀ ਹੁਕਮਨਾਮੇ ਦੀ ਕਥਾ ਵਿਚਾਰ ਕਰਦਿਆਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਗੁਰੂ ਗ੍ਰੰਥ ਸਾਹਿਬ 'ਚ ਦਰਜ਼ ਗੁਰਬਾਣੀ ਸਬੰਧੀ ਰੌਸ਼ਨੀ ਪਾਉਂਦਿਆਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ ਅਤੇ ਕਿਹਾ ਇਨਸਾਨ ਨੂੰ ਇਸ ਭਵਜਲ ਜਗਤ ਤੋਂ ਪਾਰ ਹੋਣ ਲਈ ਉਹਨਾਂ ਦੀਆਂ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਲੋੜ ਤੇ ਜੋਰ ਦੇਣਾ ਚਾਹੀਦਾ ਹੈ, ਸਮਾਗ.ਮ ਵਿਚ ਪੰਥ ਦੇ ਮਹਾਨ ਵਿਦਵਾਨ ਰਾਗੀ ਢਾਡੀ ਕਵੀਸ਼ਰ ਪ੍ਰਚਾਰਕਾਂ ਤੇ ਧਾਰਮਿਕ ਖੇਤਰ ਵਿੱਚ ਸਰਗਰਮ ਸੰਤਾਂ ਮਹਾਪੁਰਸ਼ਾਂ ਨੇ ਹਾਜ਼ਰੀ ਲਵਾਈ ਅਤੇ ਆਈ ਸੰਗਤ ਨੂੰ ਜਿਥੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਅਤੇ ਉਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਗੁਰਬਾਣੀ ਸਬੰਧੀ ਰੌਸ਼ਨੀ ਪਾਈ, ਅਖੰਡਪਾਠ ਸ਼ਰਧਾਲੂਆਂ, ਧਾਰਮਿਕ ਬੁਲਾਰਿਆਂ,ਸੰਤ ਸਮਾਜ ਦੇ ਸੰਤਾਂ ਮਹਾਪੁਰਸ਼ਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਹੁੰਚੇ ਧਾਰਮਿਕ, ਸਿਆਸੀ ਤੇ ਸਮਾਜਿਕ ਆਗੂਆਂ ਸਮੇਤ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਲਵਾਈ, ਸਨਮਾਨ ਯੋਗ ਹਸਤੀਆਂ ਦਾ ਮੁੱਖ ਪ੍ਰਬੰਧਕ ਸੰਤ ਬਾਬਾ ਸੁਖਵਿੰਦਰ ਸਿੰਘ ਜੀ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ, ਇਸ ਮੌਕੇ ਤੇ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸਿੰਘਾਂ ਸ਼ਹੀਦਾਂ ਦੇ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਭਾਈ ਰਵਿੰਦਰ ਸਿੰਘ ਭਾਈ ਹਰਜੀਤ ਸਿੰਘ ਜਥੇ ਤੋ ਇਲਾਵਾ ਬਾਬਾ ਕਰਮ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਲਖਵਿੰਦਰ ਸਿੰਘ, ਬਾਬਾ ਦਾਰਾ ਸਿੰਘ ਭਾਈ ਗੁਰਮੇਲ ਸਿੰਘ, ਭਾਈ ਰਵਿੰਦਰ ਸਿੰਘ ਤੋਂ ਇਲਾਵਾ ਸੈਂਕੜੇ ਬੁਲਾਰਿਆਂ ਨੇ ਹਾਜ਼ਰੀ ਲਵਾਈ ਤੇ ਸਭਨਾਂ ਦਾ ਸਨਮਾਨ ਕੀਤਾ ਗਿਆ, ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸਮਾਗਮ ਦੀਆਂ ਹਾਜ਼ਰੀਆਂ ਭਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਉਹਨਾਂ ਦੱਸਿਆ ਗੁਰਮਤਿ ਸਮਾਗਮ ਸਬੰਧੀ ਪਰਸੋਂ ਤੋਂ ਅਰੰਭ ਕੀਤੇ ਲੜੀਵਾਰ 14 ਗੁਰੂ ਗ੍ਰੰਥ ਜੀ ਦੇ ਪਾਠਾਂ ਦੇ ਭੋਗ ਪਾਏ ਗਏ ਅਤੇ ਗੁਰਮਤਿ ਸਮਾਗਮ ਦੀ ਆਰੰਭਤਾ ਹੋਈ, ਇਸ ਮੌਕੇ ਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ ਅਤੇ ਸਨਮਾਨ ਯੋਗ ਹਸਤੀਆਂ ਦਾ ਸੰਤ ਸੁਖਵਿੰਦਰ ਸਿੰਘ, ਬਾਬਾ ਜਰਨੈਲ ਸਿੰਘ ਜੀ ਤੇ ਭਾਈ ਵਿਰਸਾ ਸਿੰਘ ਖਾਲਸਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਤੇ ਡਾਕਟਰ ਅਮਰਜੋਤ ਸਿੰਘ ਸੰਧੂ ਵੱਲੋਂ ਸਾਂਝੇ ਤੌਰ ਤੇ ਸਨਮਾਨਿਤ ਕੀਤਾ ਗਿਆ ਤੇ ਬਾਬਾ ਸੁਖਵਿੰਦਰ ਸਿੰਘ ਜੀ ਮੁੱਖ ਪ੍ਰਬੰਧਕ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਪ੍ਰਭੂ ਵਰਦਾਨ ਕੈਂਪ ਦੇ ਆਯੋਜਨ ਨਾਲ ਹਜ਼ਾਰਾਂ ਜ਼ਰੂਰਤਮੰਦਾਂ ਨੂੰ ਲਾਭ



**ਚੌਕ ਮਹਿਤਾ, 16 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਹਾਸ਼ਿਵਰਾਤਰੀ ਦੇ ਪਾਵਨ ਅਵਸਰ 'ਤੇ ਖਤਰੀ ਸਭਾ ਮਹਿਲਾ ਮੰਡਲ ਅੰਮ੍ਰਿਤਸਰ ਅਤੇ ਖਤਰੀ ਸਭਾ ਅੰਮ੍ਰਿਤਸਰ ਦੇ ਸਾਂਝੇ ਉਪਰਾਲੇ ਹੇਠ ਲੋਹਾਰਕਾ ਰੋਡ ਸਥਿਤ ਬਧਵਾਰ ਟੈਂਟ ਹਾਊਸ ਵਿੱਚ "ਪ੍ਰਭੂ ਵਰਦਾਨ ਕੈਂਪ" ਦਾ ਸਫਲ ਅਤੇ ਭਵਿਆ ਆਯੋਜਨ ਕੀਤਾ ਗਿਆ।

ਇਹ ਆਯੋਜਨ ਮਹਿਲਾ ਮੰਡਲ ਪ੍ਰਧਾਨ, ਡਾ.ਸਵਰਾਜ ਗਰੋਵਰ, ਖਤਰੀ ਸਭਾ ਪ੍ਰਧਾਨ ਦੀਪਕ ਰਾਏ ਮਹਿਰਾ, ਪ੍ਰਭੂ ਵਰਦਾਨ ਕੈਂਪ ਪ੍ਰਧਾਨ ਸਤੀਸ਼ ਬਧਵਾਰ, ਖਤਰੀ ਸਭਾ ਉਪ ਪ੍ਰਧਾਨ ਸੁਨੀਲ ਖੰਨਾ ਅਤੇ ਦਿਨੇਸ਼ ਖੰਨਾ ਦੀ ਰਹਿਨੁਮਾਈ ਹੇਠ ਸੰਪੰਨ ਹੋਇਆ।

ਕਾਰਜਕ੍ਰਮ ਵਿੱਚ ਮਹਿਲਾ ਮੰਡਲ ਦੀ ਮੁੱਖ ਸਲਾਹਕਾਰ, ਪ੍ਰਿੰਸੀਪਲ ਡਾਇਰੈਕਟਰ ਅੰਜਨਾ ਸੇਠ ਅਤੇ ਉਨ੍ਹਾਂ ਦੀ ਟੀਮ ਵੱਲੋਂ ਕੱਪੜਿਆਂ ਦਾ ਵਿਸ਼ੇਸ਼ ਯੋਗਦਾਨ ਦਿੱਤਾ ਗਿਆ। ਇਸ ਮੌਕੇ ਡਾ.ਪ੍ਰੋ.ਕਿਰਣ ਖੰਨਾ, ਪ੍ਰਿੰ.ਸਵਿਤਾ ਸਚਦੇਵ, ਪ੍ਰਿੰ.ਸ਼ੁਤੀ ਮਹਾਜਨ ਅਤੇ ਸੁਨੀਲ ਚੋਪੜਾ ਨੇ ਵਿਸ਼ੇਸ਼ ਮਹਿਮਾਨ ਵਜੋਂ ਗਰਿਮਾਪੂਰਣ ਹਾਜ਼ਰੀ ਲਗਵਾਈ।

ਸਵੇਰੇ 11 ਵਜੇ ਸ਼ੁਰੂ ਹੋ ਕੇ ਸ਼ਾਮ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਜ਼ਰੂਰਤਮੰਦਾਂ ਨੇ ਕੱਪੜੇ ਪ੍ਰਾਪਤ ਕੀਤੇ, ਜਿਸ ਨਾਲ ਉਨ੍ਹਾਂ ਦੇ ਚਿਹਰੇ ਖੁਸ਼ੀ ਨਾਲ ਖਿੜ ਉੱਠੇ। ਸਵੇਰੇ 5:30 ਵਜੇ ਤੋਂ ਰਾਤ ਤੱਕ ਚਾਹ, ਨਾਸ਼ਤਾ ਅਤੇ ਸੁਆਦਿਸ਼ਟ ਲੰਗਰ ਦੀ ਵਿਵਸਥਾ ਰਹੀ, ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਪ੍ਰਸਾਦ ਗ੍ਰਹਿਣ ਕੀਤਾ। ਲੰਗਰ ਸੇਵਾ ਵਿੱਚ ਸਤੀਸ਼ ਬਦਵਾਰ ,ਜਿਮੀ ਬਧਵਾਰ, ਬੀ. ਕੇ. ਬਧਵਾਰ ਅਤੇ ਲਵਕੇਸ਼ ਬਧਵਾਰ ਨੇ ਵਿਸ਼ੇਸ਼ ਯੋਗਦਾਨ ਦਿੱਤਾ।

ਕਾਰਜਕ੍ਰਮ ਨੂੰ ਸਫਲਤਾ ਦੀਆਂ ਉੱਚਾਈਆਂ ਤੱਕ ਪਹੁੰਚਾਉਣ ਵਿੱਚ ਮਹਾ ਸਚਿਵ ਨਰੇਸ਼ ਖੰਨਾ, ਮਹਾ ਸਚਿਵ ਡੌਲੀ ਭਾਟੀਆ, ਪੂਰਵ ਪ੍ਰਧਾਨ ਰਾਜ ਟੰਡਨ, ਉਪ ਅਧਿਅਕਸ਼ ਅਤੁਲ ਪੁਰੀ, ਉਪ ਅਧਿਅਕਸ਼ ਇੰਦਿਰਾ ਧਵਨ, ਰਾਕੇਸ਼ ਸੇਠ, ਅਮਿਤ ਕੁੰਦਰਾਂ, ਕੋਸ਼ਾ ਅਧਿਅਕਸ਼ ਸਰੋਜ ਚਾਵਲਾ, ਉਪਕੋਸ਼ ਅਧਿਅਕਸ਼ ਵੀਣਾ ਮਹਾਜਨ, ਸੁਸ਼ਮਾ ਗਰੋਵਰ, ਮਧੁ ਖੰਨਾ, ਡਾ. ਇੰਦੂ ਵਰਮਾ, ਵੀਣਾ ਕਪੂਰ, ਅਨਮੋਲ ਖੰਨਾ, ਵਿਭਾ ਅਰੋੜਾ, ਰਾਜਿੰਦਰ ਧੀਰ, ਰਾਕੇਸ਼ ਅਰੋੜਾ, ਵਿਜੇ ਧੀਰ, ਪੰਕਜ ਖੰਨਾ, ਸ਼ਿਆਮ ਠਾਕੁਰ, ਸੋਨੀਆ ਸ਼ਰਮਾ ਚੌਹਾਨ, ਅਮਨ ਰਸਤੋਗੀ, ਸੰਦੀਪ ਹੌਂਡਾ, ਰਾਜਨ ਕਪੂਰ ਅਤੇ ਰਨਜੋਤ ਗਿੱਲ ਸਮੇਤ ਅਨੇਕਾਂ ਸੇਵਾਭਾਵੀ ਮੈਂਬਰਾਂ ਨੇ ਸਮਰਪਿਤ ਸਹਿਯੋਗ ਦਿੱਤਾ।

ਕਾਰਜਕ੍ਰਮ ਦੀ ਰਾਹਗੀਰਾਂ ਅਤੇ ਮੌਜੂਦ ਜਨਸਮੂਹ ਵੱਲੋਂ ਭਰਪੂਰ ਸਰਾਹਨਾ ਕੀਤੀ ਗਈ।ਅੰਤ ਵਿੱਚ ਡਾ.ਸਵਰਾਜ ਗਰੋਵਰ ਅਤੇ ਦੀਪਕ ਰਾਏ ਮਹਿਰਾ ਨੇ ਸਾਰੇ ਸੇਵਾਭਾਵੀ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ।

# ਯੁੱਧ ਨਸ਼ਿਆਂ ਵਿਰੁੱਧ ਰੈਲੀ ਚ ਕੈਬਨਿਟ ਮੰਤਰੀ ਈ.ਟੀ.ਓ ਵੱਡਾ ਜੱਥਾ ਲੈ ਕੇ ਮੋਗੇ ਰੈਲੀ ਲਈ ਹੋਏ ਰਵਾਨਾ





**ਜੰਡਿਆਲਾ ਗੁਰੂ 16 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਯੁੱਧ ਨਸ਼ਿਆਂ ਵਿਰੁੱਧ ਰੈਲੀ ਅੱਜ ਮੌਕੇ ਮੋਗਾ ਵਿਖੇ ਹੋ ਰਹੀ ਹੈ ਜਿਸ ਵਿੱਚ ਸ਼ਾਮਲ ਹੋਣ ਲਈ ਅੱਜ ਹਲਕਾ ਜੰਡਿਆਲਾ ਗੁਰੂ ਤੋਂ ਕੈਬਨਿਟ ਮੰਤਰੀ ਸਰਦਾਰ ਹਰਭਜਨ ਸਿੰਘ ਈਟੀਓ ਦੀ ਯੋਗ ਅਗਵਾਈ ਹੇਠ ਆਮ ਆਦਮੀ ਪਾਰਟੀ ਵਰਕਰਾਂ ਦਾ ਭਾਰੀ ਇਕੱਠ ਅੱਜ ਰਵਾਨਾ ਕੀਤਾ ਗਿਆ।ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਛੇੜੀ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ 2.0" ਦੇ ਤਹਿਤ ਲੋਕ ਨਿਰਮਾਣ ਮੰਤਰੀ ਪੰਜਾਬ ਅਤੇ ਹਲਕਾ ਜੰਡਿਆਲਾ ਗੁਰੂ ਵਿਧਾਇਕ ਸ. ਹਰਭਜਨ ਸਿੰਘ ਈਟੀਓ ਦੀ ਯੋਗ ਅਤੇ ਦੂਰਦਰਸ਼ੀ ਅਗਵਾਈ ਹੇਠ ਮੋਗਾ ਵਿਖੇ ਇੱਕ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਮਹੱਤਵਪੂਰਨ ਰੈਲੀ ਵਿੱਚ ਸ਼ਾਮਿਲ ਹੋਣ ਲਈ ਹਲਕਾ ਜੰਡਿਆਲਾ ਗੁਰੂ ਤੋਂ ਆਮ ਆਦਮੀ ਪਾਰਟੀ ਦੇ ਵਰਕਰਾਂ ਦਾ ਭਾਰੀ ਇਕੱਠ ਅੱਜ ਸਵੇਰੇ ਰਵਾਨਾ ਕੀਤਾ ਗਿਆ। ਵਰਕਰਾਂ ਵਿੱਚ ਨਸ਼ਿਆਂ ਵਿਰੁੱਧ ਲੜਾਈ ਲਈ ਖ਼ਾਸ ਉਤਸ਼ਾਹ ਅਤੇ ਜਜ਼ਬਾ ਵੇਖਣ ਨੂੰ ਮਿਲਿਆ।ਰਵਾਨਗੀ ਸਮੇਂ ਨਾਅਰਿਆਂ ਰਾਹੀਂ ਨਸ਼ਾ-ਮੁਕਤ ਪੰਜਾਬ ਬਣਾਉਣ ਦਾ ਪੱਕਾ ਸੰਕਲਪ ਦੁਹਰਾਇਆ ਗਿਆ ਰੈਲੀ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਘਾਤਕ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ, ਸਮਾਜ ਵਿੱਚ ਸਕਾਰਾਤਮਕ ਸੋਚ ਨੂੰ ਉਤਸ਼ਾਹਿਤ ਕਰਨਾ ਅਤੇ ਨਸ਼ਾ ਤਸਕਰੀ ਵਿਰੁੱਧ ਸਖ਼ਤ ਕਾਰਵਾਈ ਲਈ ਸਰਕਾਰ ਦੇ ਇਰਾਦਿਆਂ ਨੂੰ ਮਜ਼ਬੂਤ ਕਰਨਾ ਸੀ। ਇਸ ਮੌਕੇ ਪਾਰਟੀ ਵਰਕਰਾਂ ਨੇ ਸਪੱਸ਼ਟ ਕੀਤਾ ਕਿ ਆਮ ਆਦਮੀ ਪਾਰਟੀ ਨਸ਼ਿਆਂ ਦੇ ਖ਼ਾਤਮੇ ਲਈ ਜ਼ਮੀਨੀ ਪੱਧਰ 'ਤੇ ਲਗਾਤਾਰ ਕੰਮ ਕਰ ਰਹੀ ਹੈ ।ਸ੍ਰ: ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਹ ਲੜਾਈ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਹਰ ਪੰਜਾਬੀ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨਸ਼ਾ-ਮੁਕਤ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਸੰਤ ਚਰਨਜੀਤ ਸਿੰਘ ਜੀ ਜੱਸੋਵਾਲ ਦੇ ਪਰਿਵਾਰ ਨੂੰ ਗਹਿਰਾ ਸਦਮਾ

## ਅਵਤਾਰ ਸਿੰਘ ਜੀ ਦੀ ਧਰਮ ਪਤਨੀ ਸਤਿਕਾਰਯੋਗ ਚਾਚੀ ਜੀ ਅਕਾਲ ਚਲਾਣਾ ਕਰ ਗਏ

**ਜੱਸੋਵਾਲ/ਤਾਜੇਵਾਲ, 16 ਤਰੀਕ (ਆਵਾਜ਼ਿ ਕੌਮ ਬਿਊਰੋ)**-ਇਲਾਕੇ ਵਿੱਚ ਉਸ ਵੇਲੇ ਗਹਿਰਾ ਸੋਗ ਛਾ ਗਿਆ ਜਦੋਂ ਇਹ ਦੁਖਦਾਈ ਖ਼ਬਰ ਪ੍ਰਾਪਤ ਹੋਈ ਕਿ ਸਤਿਕਾਰਯੋਗ ਚਾਚਾ ਅਵਤਾਰ ਸਿੰਘ ਜੀ ਦੀ ਧਰਮ ਪਤਨੀ, ਸਤਿਕਾਰਯੋਗ ਚਾਚੀ ਜੀ ਅਕਾਲ ਚਲਾਣਾ ਕਰ ਗਏ ਹਨ। ਉਹ 16 ਤਰੀਕ, ਦਿਨ ਸੋਮਵਾਰ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਸੱਚਖੰਡ ਸਿਧਾਰ ਗਏ। ਇਸ ਅਚਾਨਕ ਵਿਛੋੜੇ ਨਾਲ ਸੰਤ ਚਰਨਜੀਤ ਸਿੰਘ ਜੀ ਜੱਸੋਵਾਲ ਦੇ ਪਰਿਵਾਰ ਨੂੰ ਗਹਿਰਾ ਸਦਮਾ ਪਹੁੰਚਿਆ ਹੈ। ਸਮੂਹ ਸੰਗਤ ਅਤੇ ਇਲਾਕਾ ਵਾਸੀਆਂ ਵੱਲੋਂ ਦੁਖੀ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਜਾ ਰਹੀ ਹੈ।



ਅੰਤਿਮ ਸੰਸਕਾਰ ਪਿੰਡ ਤਾਜੇਵਾਲ ਵਿਖੇ ਪਰਿਵਾਰਕ ਰਸਮਾਂ ਅਨੁਸਾਰ ਕਰ ਦਿੱਤਾ ਗਿਆ ਹੈ। ਭੋਗ ਅਤੇ ਅੰਤਿਮ ਅਰਦਾਸ ਸੰਬੰਧੀ ਜਾਣਕਾਰੀ ਜਲਦੀ ਹੀ ਸੰਗਤ ਨਾਲ ਸਾਂਝੀ ਕੀਤੀ ਜਾਵੇਗੀ।

ਸੰਗਤ ਵੱਲੋਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਗਈ ਹੈ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਦੁਖੀ ਪਰਿਵਾਰ ਨੂੰ ਇਹ ਅਸਹਿਣਯੋਗ ਦੁੱਖ ਸਹਿਣ ਦੀ ਤਾਕਤ ਬਖ਼ਸ਼ਣ।

ਅਦਾਰਾ ਆਵਾਜ਼-ਏ-ਕੌਮ ਵੱਲੋਂ ਵੀ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹੋਏ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਗਈ ਹੈ ਕਿ ਪਰਮਾਤਮਾ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਡਾ.(ਪ੍ਰੋ) ਕਰਮਜੀਤ ਸਿੰਘ ਵਾਈਸ-ਚਾਂਸਲਰ,ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 19 ਫਰਵਰੀ 2026 ਨੂੰ ਸਨਮਾਨ 'ਤੇ ਵਿਸ਼ੇਸ਼**

# ਸਤਿ ਬੁਧਿ ਬਿਬੇਕੀ ਮਾਰਗ ਦਰਸ਼ਕ:ਡਾ.(ਪ੍ਰੋ) ਕਰਮਜੀਤ ਸਿੰਘ ਵਾਈਸ-ਚਾਂਸਲਰ,ਗੁਰੂ ਨਾਨਕ ਦੇਵ ਯੂਨੀਵਰਸਿਟੀ

**ਚੌਕ ਮਹਿਤਾ , 16 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਪੰਜਾਬ ਕਲਾ ਪਰਿਸ਼ਦ ਵੱਲੋਂ 'ਪੰਜਾਬ ਰਤਨ ਪੁਰਸਕਾਰ-2026' ਮਿਲਣ ਤੋਂ ਬਾਅਦ ਡਾ ਮਹਿੰਦਰ ਸਿੰਘ ਰੰਧਾਵਾ ਪੁਰਸਕਾਰ ਜੋ 19 ਫਰਵਰੀ 2026 ਨੂੰ ਨੂੰ ਉਪ-ਕੁਲਪਤੀ ਡਾ.(ਪ੍ਰੋ) ਕਰਮਜੀਤ ਸਿੰਘ ਜੀ ਨੂੰ 17ਵੇਂ ਕੌਮਾਂਤਰੀ ਸਭਿਅਕਾਰਕ ਮੇਲੇ ਤੇ ਦੇਸ਼ ਭਗਤ ਕਾਮਰੇਡ ਉਜਾਗਰ ਸਿੰਘ ਫਾਊਂਡੇਸ਼ਨ ਵੱਲੋਂ ਅੰਮ੍ਰਿਤਸਰ ਦੇ ਦੇਸ਼ ਭਗਤ ਦੇ ਪਿੰਡ ਖਤਰਾਏ ਕਲਾਂ ਵਿਚ ਮਿਲਣ ਜਾ ਰਿਹਾ ਅਸਲ ਵਿਚ ਪੁਰਸਕਾਰ ਨਹੀਂ ਸਗੋਂ ਉਨ੍ਹਾਂ ਦੀ ਉਸ ਦੂਰਅੰਦੇਸ਼ੀ ਸੋਚ ਤੇ ਮਹੋਰ ਜਿਸ ਤਹਿਤ ਉਹ ਉੱਚੇਰੀ ਸਿੱਖਿਆ ਨੂੰ ਆਮ ਪਰਿਵਾਰਾਂ ਤਕ ਲੈ ਗਏ ਹਨ। ਸਰਹੱਦੀ ਅਤੇ ਦਿਹਾਤੀ ਇਲਾਕਿਆਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਉੱਚੇਰੀ ਸਿਖਿਆ ਪ੍ਰਾਪਤ ਕਰਨ ਦਾ ਜੋ ਮੌਕਾ ਮਿਲਿਆ ਹੈ ਇਸ ਦਾ ਸੇਹਰਾ ਉਨ੍ਹਾਂ ਦੇ ਹੀ ਸਿਰ ਸੱਜਦਾ ਹੈ।ਚਾਲੀ ਵਰ੍ਹਿਆਂ ਦੇ ਅਧਿਆਪਨ ਅਤੇ ਖੋਜ ਦੇ ਵਿਸ਼ਾਲ ਅਨੁਭਵ ਦੀ ਰਹਿਨੁਮਾਈ ਹੇਠ ਪੰਜਾਬ ਦੀ ਉਚੇਰੀ ਸਿੱਖਿਆ ਨਵੇਂ ਸੂਰਜ ਵਾਂਗ ਉਗ ਰਹੀ ਹੈ, ਨਵੇਂ ਰੰਗ, ਨਵੀਂ ਸੋਚ ਨਾਲ ਪ੍ਰਫੁੱਲਿਤ ਹੋ ਰਹੀ ਹੈ।ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਮੋਢੀ ਵਾਈਸ ਚਾਂਸਲਰ ਵਜੋਂ ਉਹਨਾਂ ਨੇ ਗਿਆਨ ਦੇ ਦਰਵਾਜ਼ੇ ਹਰ ਇਕ ਲਈ ਖੋਲ੍ਹੇ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਅਗਵਾਈ ਕਰਦਿਆਂ ਅਕਾਦਮਿਕ ਉੱਚਾਈਆਂ ਨੂੰ ਨਵਾਂ ਮਾਣ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ਼ ਲਾਅ, ਤਰਨ ਤਾਰਨ ਦੀ ਅਗਵਾਈ ਕਰਦਿਆਂ ਉਹ ਇਨਸਾਫ਼, ਵਿੱਦਿਆ ਅਤੇ ਨੈਤਿਕਤਾ ਦੇ ਦੀਵੇ ਜਗਾ ਰਹੇ ਹਨ। 10 ਦਸੰਬਰ 2024 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਵਜੋਂ ਅਹੁਦਾ ਸੰਭਾਲ ਕੇ ਉਹ ਗੁਰੂ ਨਾਨਕ ਦੇਵ ਜੀ ਦੇ ਵਿਚਾਰ;ਸਤਿ, ਸੇਵਾ ਅਤੇ ਸਰਬੱਤ ਦੇ ਭਲੇ ਨੂੰ ਯੂਨੀਵਰਸਿਟੀ ਦੀ ਰੂਹ ਵਿੱਚ ਰਚਾ ਰਹੇ ਹਨ।ਕਈ ਪੁਸਤਕਾਂ,ਖੋਜ ਪੱਤਰਾਂ ਦੇ ਲੇਖਕ,ਗਿਆਨ ਦੀ ਕਲਮ ਨਾਲ ਸਮੇਂ ਦੇ ਪੱਥਰਾਂ ਉੱਤੇ ਲਿਖਣ ਵਾਲੇ ਇਹ ਵਿਦਵਾਨ ਵੀਹ ਦੇ ਕਰੀਬ ਵਿਦਿਆਰਥੀਆਂ ਨੂੰ ਪੀਐਚ.ਡੀ. ਦੀ ਮੰਜ਼ਿਲ ਤੱਕ ਲੈ ਗਏ,ਜਿਨ੍ਹਾਂ ਰਾਹੀਂ ਉਹਨਾਂ ਦੀ ਸੋਚ ਅੱਗੇ ਤੁਰਦੀ ਰਹੇਗੀ। ਅੰਤਰਰਾਸ਼ਟਰੀ ਅਤੇ ਰਾਸ਼ਟਰੀ ਸਨਮਾਨ ਉਹਨਾਂ ਦੇ ਕਦਮਾਂ ਨੂੰ ਨਿਵਾਜ਼ਦੇ ਰਹੇ ਹਨ, ਪਰ ਉਹਨਾਂ ਦੀ ਅਸਲ ਪਛਾਣ ਵਿੱਦਿਆ ਪ੍ਰਤੀ ਸਮਰਪਣ ਅਤੇ ਸੇਵਾ ਦੀ ਨਿਮਰਤਾ ਹੈ।

ਪੰਜਾਬ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਰਹਿ ਕੇ, ਰਜਿਸਟਰਾਰ, ਡਾਇਰੈਕਟਰ ਅਕਾਦਮਿਕ ਸਟਾਫ ਕਾਲਜ, ਡੀਨ, ਸੈਨਟ ਅਤੇ ਸਿੰਡੀਕੇਟ ਮੈਂਬਰ ਵਜੋਂ ਉਹ ਪ੍ਰਸ਼ਾਸਨ ਅਤੇ ਅਕਾਦਮਿਕਤਾ ਦੇ ਸੁਮੇਲ ਬਣੇ।ਅੱਜਕਲ ਉਹ ਕਈ ਸੰਸਥਾਵਾਂ, ਐਸੋਸੀਏਸ਼ਨਾਂ ਅਤੇ ਕਮੇਟੀਆਂ ਦੇ ਪ੍ਰਧਾਨ, ਡਾਇਰੈਕਟਰ, ਚੇਅਰਮੈਨ, ਚੀਫ਼ ਕੋਆਰਡੀਨੇਟਰ,ਮੈਂਬਰ ਵਜੋਂ ਤੇ ਭਾਰਤ ਦੀਆਂ ਵਿਭਿੰਨ ਯੂਨੀਵਰਸਿਟੀਆਂ ਦੇ ਬੋਰਡ ਆਫ਼ ਸਟੱਡੀਜ਼ ਨਾਲ ਜੁੜ ਕੇ ਗਿਆਨ ਦਾ ਪਾਸਾਰ ਕਰ ਰਹੇ ਹਨ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਹੱਤਵਪੂਰਨ ਪ੍ਰੋਜੈਕਟਾਂ ਵਿੱਚ ਨਿਰੰਤਰ ਕਰਮਸ਼ੀਲ ਹਨ।

ਆਪ ਸਿਰਫ਼ ਸ਼ਖਸੀਅਤ ਨਹੀਂ,ਉਹ ਵਿਚਾਰ ਹਨ ਜੋ ਪੰਜਾਬ ਦੀ ਉਚੇਰੀ ਸਿੱਖਿਆ ਨੂੰ ਰੌਸ਼ਨੀ, ਦਿਸ਼ਾ ਅਤੇ ਦੂਰਦਰਸ਼ਤਾ ਬਖ਼ਸ਼ ਰਹੇ ਹਨ। ਜ਼ਮਾਨੇ ਦੀ ਰਮਜ਼ ਸੁਣਨ ਵਾਲੇ ਆਗੂ ਉਹੀ ਹੁੰਦੇ ਹਨ ਜੋ ਰਾਣੀਆਂ ਪੈੜਾਂ ਦੀ ਇੱਜ਼ਤ ਵੀ ਕਰਦੇ ਹਨ ਅਤੇ ਨਵੇਂ ਰਾਹ ਵੀ ਉਲੀਕਦੇ ਹਨ।ਸਮਾਜ ਨੂੰ ਜੜਤਾ ਤੋਂ ਕੱਢ ਕੇ ਸਿਹਤਮੰਦ, ਜਾਗਰੂਕ ਅਤੇ ਵਿਕਸਤ ਭਵਿੱਖ ਵੱਲ ਲੈ ਜਾਂਦੇ ਹਨ।ਤੇ ਆਪ ਜੀ ਦੀ ਸਰਪ੍ਰਸਤੀ ਨੇ ਅਜਿਹੀਆਂ ਹੀ ਨਵੀਆਂ ਪੈੜਾਂ ਪਾਈਆਂ ਹਨ, ਜਿਨ੍ਹਾਂ ਦੀ ਗੂੰਜ ਅੱਜ ਹੀ ਨਹੀਂ ਸਗੋਂ ਆਉਣ ਵਾਲੇ ਕਈ ਦਹਾਕਿਆਂ ਤੱਕ ਸੁਣੀ ਜਾਵੇਗੀ।ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਚੇਰੀ ਸਿੱਖਿਆ ਦੇ ਆਕਾਸ਼ 'ਤੇ ਸਿਰਫ਼ ਪੰਜਾਬ ਹੀ ਨਹੀਂ, ਪੂਰੇ ਦੇਸ਼ ਦਾ ਮਾਣ ਬਣ ਕੇ ਆਪਣਾ ਚਾਨਣ ਫੈਲਾਇਆ ਹੈ।ਪਰ ਇਸ ਦੀ ਅਸਲੀ ਪਛਾਣ ਇੱਥੇ ਹੀ ਰੁਕਦੀ ਨਹੀਂ।ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਭਾਸ਼ਾਈ ਜ਼ਿੰਮੇਵਾਰੀਆਂ ਨਿਭਾ ਕੇ ਇਸ ਨੇ ਇਹ ਸਾਬਤ ਕੀਤਾ ਹੈ ਕਿ ਵਿੱਦਿਅਕ ਅਦਾਰੇ ਡਿਗਰੀਆਂ ਦੀਆਂ ਫੈਕਟਰੀਆਂ ਨਹੀਂ ਹੁੰਦੇ, ਉਹ ਤਾਂ ਸਮੇਂ ਦੇ ਹਾਣੀ ਮਨੁੱਖ ਤਿਆਰ ਕਰਨ ਵਾਲੀ ਕਰਮਭੂਮੀ ਹੁੰਦੀਆਂ ਹਨ।ਅਜਿਹੇ ਮਨੁੱਖ ਜੋ ਸਮਾਜ ਦੀ ਤਰੱਕੀ ਦੇ ਰਾਹ 'ਚ ਮਸ਼ਾਲਾਂ ਬਣ ਕੇ ਅੱਗੇ ਤੁਰਦੇ ਹਨ।

ਆਪ ਜੀ ਨੂੰ 'ਚੇਂਜਮੇਕਰ ਆਫ਼ ਦਿ ਈਅਰ 2025' ਦਾ ਸਨਮਾਨ ਮਿਲਣਾ ਅਤੇ ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼ 2025 ਵਿੱਚ ਯੂਨੀਵਰਸਿਟੀ ਦਾ ਚੈਂਪੀਅਨ ਬਣਨਾ; ਇਹ ਸਭ ਕਿਸੇ ਇਤਫ਼ਾਕ ਦਾ ਨਹੀਂ, ਸਗੋਂ ਮਿਹਨਤੀ, ਦੂਰਅੰਦੇਸ਼ ਅਤੇ ਸਮਰਪਿਤ ਕਾਰਜ-ਪ੍ਰਣਾਲੀ ਦਾ ਨਤੀਜਾ ਹੈ।ਯੂਨੀਵਰਸਿਟੀ ਹੁਣ ਸਿਰਫ਼ ਇਕ ਅਕਾਦਮਿਕ ਅਦਾਰਾ ਨਹੀਂ ਰਹੀ। ਇਹ ਇਕ ਜੀਵੰਤ ਸੋਚ, ਅਤੇ ਸਮਾਜ ਲਈ ਸਪਸ਼ਟ ਸੁਨੇਹਾ ਬਣ ਚੁੱਕੀ ਹੈ— ਕਿ ਸਿੱਖਿਆ ਉਹੀ ਹੈ ਜੋ ਮਨੁੱਖ ਨੂੰ ਅੰਦਰੋਂ ਰੋਸ਼ਨ ਕਰੇ ਅਤੇ ਸਮਾਜ ਨੂੰ ਅੱਗੇ ਵਧਣ ਦਾ ਹੌਂਸਲਾ ਦੇਵੇ। ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦੇ 350 ਸਾਲ ਪੂਰੇ ਹੋਣ ਦੇ ਅਵਸਰ' ਤੇ ਇਤਿਹਾਸ ਨੇ ਆਪਣੇ ਆਪ ਨੂੰ ਦੁਬਾਰਾ ਜੀਵੰਤ ਕਰ ਲਿਆ। ਆਪ ਜੀ ਦੀ ਪ੍ਰੇਰਕ ਅਗਵਾਈ ਹੇਠ ਕੀਤੇ ਗਏ ਅਨੇਕਾਂ ਮਹੱਤਵਪੂਰਨ ਕਾਰਜ ਸਿਰਫ਼ ਸਮਾਗਮ ਨਹੀਂ ਸਨ, ਸਗੋਂ ਉਹ ਜੀਵੰਤ ਮਿਸਾਲਾਂ ਬਣੇ-ਜਿੱਥੇ ਗੁਰੂ ਜੀ ਦੀ ਮਹਾਨ ਸ਼ਹਾਦਤ ਨੂੰ ਅਥਾਹ ਸ਼ਰਧਾ ਨਾਲ ਯਾਦ ਕੀਤਾ ਗਿਆ। ਇਹ ਯਾਦ ਸਿਰਫ਼ ਸ਼ਬਦਾਂ ਦੀ ਗੂੰਜ ਨਹੀਂ ਸੀ, ਬਲਕਿ ਭੈਅ-ਮੁਕਤ ਜੀਵਨ ਦੇ ਉਸ ਸੰਦੇਸ਼ ਦੀ ਧੜਕਣ ਸੀ, ਜੋ ਮਨੁੱਖ ਨੂੰ ਅੰਦਰੋਂ ਨਿਡਰ ਬਣਾਉਂਦੀ ਹੈ।ਗੁਰੂ ਤੇਗ ਬਹਾਦਰ ਜੀ ਦਾ ਉਪਦੇਸ਼;ਸਹਿਨਸ਼ੀਲਤਾ, ਫਿਰਕੂਪੁਣੇ ਤੋਂ ਉੱਪਰ ਉਠਣ ਅਤੇ ਡਰ ਤੋਂ ਮੁਕਤੀ ਕੇਵਲ ਦੁਹਰਾਇਆ ਨਹੀਂ ਗਿਆ, ਬਲਕਿ ਅਕਾਦਮਿਕ ਤੇ ਸਮਾਜਿਕ ਕਾਰਜਾਂ ਵਿੱਚ ਵਿਹਾਰਕ ਰੂਪ ਧਾਰ ਕੇ ਸਾਹਮਣੇ ਆਇਆ।ਅੱਜ, ਜਦੋਂ ਸੰਸਾਰ ਅਸਥਿਰਤਾ ਅਤੇ ਅਨਿਸ਼ਚਿਤਤਤਾ ਦੇ ਘੇਰੇ ਵਿੱਚ ਸਾਹ ਲੈ ਰਿਹਾ ਹੈ, ਗੁਰੂ ਸਾਹਿਬ ਦਾ ਨਿਰਭੈਅਤਾ ਭਰਿਆ ਆਦਰਸ਼ ਨਵੀਂ ਉਮੀਦ, ਹਿੰਮਤ ਅਤੇ ਅਟੱਲ ਸਥਿਰਤਾ ਦਾ ਦੀਪ ਜਗਾਉਂਦਾ ਹੈ।ਇਹ ਆਦਰਸ਼ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਮੌਕੇ ਹੋਰ ਵੀ ਦ੍ਰਿੜਤਾ ਨਾਲ ਉਚਾਰਿਆ ਗਿਆ।

ਸਿੱਖਿਆ ਜਗਤ ਦੇ ਇਤਿਹਾਸ ਵਿੱਚ ਇਕ ਨਵਾਂ ਅਧਿਆਇ ਜੋੜਿਆ-ਭਾਰਤ ਦੀ ਪਹਿਲੀ ਅਜਿਹੀ ਯੂਨੀਵਰਸਿਟੀ ਬਣ ਕੇ, ਜਿਸ ਦੇ ਵਾਈਸ ਚਾਂਸਲਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਪੂਰੀ ਮਨੁੱਖਤਾ ਲਈ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੇ ਪ੍ਰਤੀਕ ਵਜੋਂ ਵਿਸ਼ਵ ਮੰਚ' ਤੇ ਪੇਸ਼ ਕੀਤਾ। ਇਸ ਸੋਚ ਤੋਂ ਉਪਜੇ ਪ੍ਰਸਤਾਵ ਰਾਹੀਂ ਸੰਯੁਕਤ ਰਾਸ਼ਟਰ ਨੂੰ ਅਪੀਲ ਕੀਤੀ ਗਈ ਕਿ 24 ਅਕਤੂਬਰ, ਸੰਯੁਕਤ ਰਾਸ਼ਟਰ ਦਿਵਸ, ਨੂੰ ਗੁਰੂ ਤੇਗ ਬਹਾਦਰ ਜੀ ਦੀ ਸਰਬਵਿਆਪੀ ਨੈਤਿਕ ਵਿਰਾਸਤ ਨੂੰ ਸਮਰਪਿਤ ਕੀਤਾ ਜਾਵੇ।

ਇਸ ਲਾਸਾਨੀ ਤਜਵੀਜ਼ ਅਧੀਨ ਸੰਯੁਕਤ ਰਾਸ਼ਟਰ ਦਿਵਸ ਨੂੰ "ਨੈਤਿਕ ਚੇਤਨਾ ਦਿਵਸ" ਵਜੋਂ ਮਨਾਉਣ ਦਾ ਸੁਪਨਾ ਸੰਸਾਰ ਅੱਗੇ ਰੱਖਿਆ ਗਿਆ ਅਤੇ ਇਹ ਅਧਿਕਾਰਤ ਪੱਤਰ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਸ੍ਰੀ ਐਂਟੋਨੀਓ ਗੁਟੇਰਸ ਨੂੰ ਸੌਂਪਿਆ ਗਿਆ।ਅੰਮ੍ਰਿਤਸਰ ਦੀ ਧਰਤੀ ਤੋਂ ਨਿਊਯਾਰਕ ਤੱਕ ਪਹੁੰਚਿਆ ਇਹ ਸੰਦੇਸ਼ ਸਿਰਫ਼ ਇੱਕ ਯਾਤਰਾ ਨਹੀਂ ਸੀ-ਇਹ ਗੁਰੂ ਤੇਗ ਬਹਾਦਰ ਜੀ ਦੀ ਨਿਰਭਉ ਆਤਮਾ ਦਾ ਵਿਸ਼ਵ ਵਿਆਪੀ ਐਲਾਨ ਸੀ, ਜੋ ਮਨੁੱਖਤਾ ਨੂੰ ਅਜੇ ਵੀ ਸੱਚ, ਆਜ਼ਾਦੀ ਅਤੇ ਨੈਤਿਕਤਾ ਦੇ ਰਸਤੇ 'ਤੇ ਨਿਡਰ ਤੁਰਨ ਦੀ ਪ੍ਰੇਰਨਾ ਦੇ ਰਿਹਾ ਹੈ।ਗਿਆਨ, ਗੌਰਵ ਅਤੇ ਗੁਰਮਤਿ ਦੀ ਰੌਸ਼ਨੀ ਇਕੱਠੀ ਹੋਣ ਦੇ ਇਤਿਹਾਸਕ ਪਲ ਵਿੱਚ ਡਾ.(ਪ੍ਰੋ) ਕਰਮਜੀਤ ਸਿੰਘ ਸਰ ਦੁਆਰਾ ਸਾਹਿਬ ਸ੍ਰੀ ਗੁਰੂ ਤੇਗ. ਬਹਾਦਰ ਜੀ ਦੀ ਸ਼ਤਾਬਦੀ ਨੂੰ ਸਮਰਪਿਤ ਲਿਖੀ ਗਈ ਪੁਸਤਕ "Meditation to Martyrdom: The Legacy of Sri Guru Tegh Bahadur Ji" ਦਾ ਰਸਮੀ ਲੋਕ ਅਰਪਣ ਪੰਜਾਬ ਦੇ ਮਾਣਯੋਗ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਜੀ ਦੇ ਕਰ-ਕਮਲਾਂ ਨਾਲ ਵਾਈਸ-ਚਾਂਸਲਰਜ਼ ਕਾਨਫ਼ਰੰਸ ਦੌਰਾਨ ਸੰਪੰਨ ਹੋਇਆ।ਇਹ ਪੁਸਤਕ ਪੰਜ ਵਿਲੱਖਣ ਵਿਸ਼ੇਸ਼ਤਾਵਾਂ ਰਾਹੀਂ ਆਪਣੇ ਆਪ ਨੂੰ ਆਧੁਨਿਕ ਯੁੱਗ ਦੀ ਅਸਾਧਾਰਣ ਧਾਰਮਿਕ-ਅਕਾਦਮਿਕ ਰਚਨਾ ਵਜੋਂ ਸਥਾਪਿਤ ਕਰਦੀ ਹੈ। ਤਿੰਨ ਲਿਪੀਆਂ-ਗੁਰਮੁਖੀ, ਦੇਵਨਾਗਰੀ ਅਤੇ ਅੰਗਰੇਜ਼ੀ ਵਿੱਚ ਪ੍ਰਸਤੁਤ ਇਹ ਪੁਸਤਕ ਭਾਸ਼ਾ ਦੀਆਂ ਹੱਦਾਂ ਤੋਂ ਪਰੇ ਹੋ ਕੇ ਸ੍ਰੀ ਗੁਰੂ ਤੇਗ. ਬਹਾਦਰ ਜੀ ਦੀ ਬਾਣੀ ਨੂੰ ਵਿਸ਼ਵ ਵਿਆਪੀ ਸੰਵੇਦਨਾ ਨਾਲ ਜੋੜਦੀ ਹੈ। ਇਹ ਪੁਸਤਕ "ਬੋਲਣ ਵਾਲੀ ਕਿਤਾਬ" ਦੇ ਰੂਪ ਵਿੱਚ ਗੁਰਬਾਣੀ ਨੂੰ ਸਿਰਫ਼ ਪੜ੍ਹਨ ਯੋਗ ਹੀ ਨਹੀਂ, ਸਗੋਂ ਸੁਣਨ ਅਤੇ ਮਹਿਸੂਸ ਕਰਨ ਯੋਗ ਬਣਾਉਂਦੀ ਹੈ। ਪੰਦਰਾਂ ਰਾਗਾਂ ਵਿੱਚ ਰਚੀ ਗਈ, ਜੈਜਾਵੰਤੀ ਵਰਗੇ ਦੁਰਲੱਭ ਰਾਗ ਨਾਲ ਸੁਸ਼ੋਭਿਤ ਗੁਰਬਾਣੀ, ਹਜ਼ੂਰੀ ਰਾਗੀ ਭਾਈ ਨਰਿੰਦਰ ਸਿੰਘ ਦੀ ਪ੍ਰਮਾਣਿਕ ਦੇਖ-ਰੇਖ ਹੇਠ ਸੁਰਾਂ ਵਿੱਚ ਢਲ ਕੇ, QR ਕੋਡਾਂ ਰਾਹੀਂ ਪਾਠਕ ਦੇ ਹਿਰਦੇ ਤੱਕ ਪਹੁੰਚਦੀ ਹੈ।"ਸਹਿਜ ਤੋਂ ਸ਼ਹੀਦੀ" ਨਾਮਕ ਅਧਿਆਇ ਅੰਦਰੂਨੀ ਆਤਮਿਕ ਸੰਤੁਲਨ ਤੋਂ ਪਰਮ ਬਲੀਦਾਨ ਤੱਕ ਦੀ ਉਸ ਯਾਤਰਾ ਨੂੰ ਉਕੇਰਦਾ ਹੈ, ਜਿੱਥੇ ਧਿਆਨ ਕਰੁਣਾ ਵਿੱਚ ਬਦਲਦਾ ਹੈ ਅਤੇ ਕਰੁਣਾ ਸੱਚ ਦੀ ਰੱਖਿਆ ਲਈ ਸ਼ਹੀਦੀ ਬਣ ਜਾਂਦੀ ਹੈ। ਇਸ ਪੁਸਤਕ ਵਿੱਚ ਗੁਰੂ ਜੀ ਦੇ ਜੀਵਨ, ਬਾਣੀ ਅਤੇ ਸ਼ਹਾਦਤ ਤੋਂ ਉਪਜੇ 13 ਵਿਹਾਰਕ ਸਬਕ ਆਧੁਨਿਕ ਮਨੁੱਖ ਲਈ ਰੌਸ਼ਨੀ ਬਣ ਕੇ ਉਭਰਦੇ ਹਨ ਜੋ ਅੰਦਰਲੇ ਹਨੇਰੇ ਵਿੱਚ ਰਾਹ ਦਿਖਾਉਂਦੇ ਹਨ।

ਇਹ ਪੁਸਤਕ ਇਤਿਹਾਸ ਨੂੰ ਸਿਰਫ਼ ਯਾਦ ਨਹੀਂ ਕਰਦੀ, ਉਹਨੂੰ ਜ਼ਮੀਰ ਨਾਲ ਜੋੜਦੀ ਹੈ। ਸ੍ਰੀ ਗੁਰੂ ਤੇਗ. ਬਹਾਦਰ ਜੀ ਦੀ ਸ਼ਹਾਦਤ ਇੱਥੇ ਕੇਵਲ ਅਤੀਤ ਦੀ ਘਟਨਾ ਨਹੀਂ ਰਹਿੰਦੀ, ਸਗੋਂ ਧਾਰਮਿਕ ਆਜ਼ਾਦੀ, ਮਨੁੱਖੀ ਮਰਿਆਦਾ, ਨੈਤਿਕ ਅਗਵਾਈ ਅਤੇ ਅਡੋਲ ਸਾਹਸ ਦਾ ਜੀਵੰਤ ਮਾਪਦੰਡ ਬਣ ਕੇ ਸਾਹਮਣੇ ਆਉਂਦੀ ਹੈ। ਦੋ ਭਾਗਾਂ ਵਿੱਚ ਵੰਡੀ ਹੋਈ ਇਹ ਪੁਸਤਕ;ਪਹਿਲੇ ਭਾਗ ਵਿੱਚ ਗੁਰੂ ਜੀ ਦੇ ਜੀਵਨ, ਦਰਸ਼ਨ ਅਤੇ ਸਦੀਵੀ ਰਾਸਤ ਦੀ ਵਿਸਤ੍ਰਿਤ ਵਿਆਖਿਆ ਅਤੇ ਦੂਜੇ ਭਾਗ ਵਿੱਚ ਗੁਰਬਾਣੀ ਦਾ ਪਾਠ ਤੇ ਸੁਰ-ਗਿਆਨ ਅਤੇ ਭਾਵਨਾ ਦਾ ਅਦਭੁੱਤ ਸੁਮੇਲ ਰਚਦੀ ਹੈ। ਵਿਦਵਤਾ,ਗਿਆਨ, ਅਧਿਆਤਮਿਕਤਾ, ਸੰਵੇਦਨਸ਼ੀਲਤਾ, ਨਵੀਨ ਪੇਸ਼ਕਾਰੀ ਅਤੇ ਸਮਕਾਲੀ ਪ੍ਰਸੰਗਿਕਤਾ ਦੀ ਧਾਰਨੀ ਇਹ ਪੁਸਤਕ ਧਿਆਨ ਤੋਂ ਸ਼ਹੀਦੀ ਤੱਕ ਦੀ ਅਮਰ ਯਾਤਰਾ ਦਾ ਸਾਕਾਰ ਰੂਪ ਹੈ।2025 ਦੇ ਹੜ੍ਹ ਜਦੋਂ ਪੰਜਾਬ ਦੀ ਧਰਤੀ ਉੱਤੇ ਕਹਿਰ ਬਣ ਕੇ ਵਹੇ, ਤਦ ਪਾਣੀ ਨੇ ਸਿਰਫ਼ ਖੇਤਾਂ ਤੇ ਘਰਾਂ ਨੂੰ ਹੀ ਨਹੀਂ ਡੁਬੋਇਆ,ਉਮੀਦਾਂ ਨੂੰ ਵੀ ਅਜ਼ਮਾਇਆ। ਉਸ ਘੜੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਮਾਜ ਲਈ ਮਿਸਾਲ ਬਣ ਕੇ ਉਭਰੀ। ਦਰਿਆ ਦੇ ਰੋਹ ਅੱਗੇ ਡਟ ਕੇ, ਯੂਨੀਵਰਸਿਟੀ ਨੇ ਹੜ੍ਹ-ਪ੍ਰਭਾਵਿਤ ਪਿੰਡ ਗਗੜ ਨੂੰ ਅਪਣਾ ਲਿਆ;ਸਿਰਫ਼ ਸਹਾਰਾ ਨਹੀਂ, ਸਗੋਂ ਮੁੜ ਵਸੇਬੇ ਦਾ ਸੁਪਨਾ ਦੇ ਕੇ। ਮਾਡਲ ਪਿੰਡ ਦੀ ਯੋਜਨਾ ਨਾਲ ਇਹ ਯਤਨ ਦਿਲਾਂ ਵਿੱਚ ਵਿਸ਼ਵਾਸ ਦੀ ਨਵੀਂ ਫ਼ਸਲ ਬੀਜਣ ਲੱਗ ਪਿਆ।

ਐੱਨ ਐੱਸ ਐੱਸ ਦੇ ਵਲੰਟੀਅਰ ਵਿਦਿਆਰਥੀ ਪਹਿਲੇ ਦਿਨ ਤੋਂ ਹੀ ਮਿੱਟੀ, ਪਾਣੀ ਤੇ ਹੰਝੂਆਂ ਵਿਚ ਖੜ੍ਹੇ ਸਨ-ਕਦੇ ਭੋਜਨ ਵੰਡਦੇ, ਕਦੇ ਪਾਣੀ, ਕਦੇ ਦਵਾਈਆਂ। ਦਸੰਬਰ 2025 ਵਿੱਚ ਆਪ ਜੀ ਦੀ ਅਗਵਾਈ ਹੇਠ ਲੱਗਿਆ ਰਾਹਤ ਕੈਂਪ ਸਿਰਫ਼ ਇਕ ਐਲਾਨ ਨਹੀਂ ਸੀ, ਇਕ ਵਚਨ ਸੀ: ਗਗੜ ਦੇ ਸਰਵਪੱਖੀ ਵਿਕਾਸ ਦੀ ਜ਼ਿੰਮੇਵਾਰੀ ਹੁਣ ਯੂਨੀਵਰਸਿਟੀ ਦੀ। ਅਗਲੇ ਛੇ ਮਹੀਨਿਆਂ ਵਿੱਚ ਸਿਹਤ ਦੀ ਸੰਭਾਲ, ਸਿੱਖਿਆ ਦੀ ਲੋਅ ਅਤੇ ਆਰਥਿਕ-ਸਮਾਜਿਕ ਸਰਵੇਖਣ ਰਾਹੀਂ ਲੋੜੀਂਦੀਆਂ ਸਹੂਲਤਾਂ;ਹਰ ਪੱਖੋਂ ਜੀਵਨ ਨੂੰ ਮੁੜ ਸੰਵਾਰਨ ਦਾ ਪ੍ਰਣ। ਇਸ ਸਫ਼ਰ ਵਿੱਚ ਯੂਨੀਵਰਸਿਟੀ ਨੇ ਗਲੋਬਲ ਸਿੱਖਸ ਅਤੇ ਸੀਆਰਸੀਆਈ ਨਾਲ ਹੱਥ ਮਿਲਾਇਆ।2025-2026 ਤੱਕ ਚੱਲਣ ਵਾਲੇ ਪ੍ਰੋਜੈਕਟ ਹੇਠ ਹੜ੍ਹ-ਪ੍ਰਤਿਰੋਧੀ ਘਰਾਂ ਦੀ ਤਾਮੀਰ ਤਾਂ ਜੋ ਅੱਜ ਦੀ ਰਾਹਤ ਕੱਲ੍ਹ ਦੀ ਮਜ਼ਬੂਤੀ ਬਣੇ। ਇਹ ਸੇਵਾ ਸਿਰਫ਼ ਮੁਸੀਬਤ ਦਾ ਜਵਾਬ ਨਹੀਂ।ਇਹ ਮਨੁੱਖਤਾ ਨਾਲ ਨਿਭਾਈ ਗਈ ਜ਼ਿੰਮੇਵਾਰੀ ਹੈ, ਜੋ ਪਾਣੀ ਦੇ ਉੱਪਰ ਉਮੀਦਾਂ ਨੂੰ ਤੈਰਨਾ ਸਿਖਾਉਂਦੀ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

ਅਕਾਦਮਿਕ ਅਸਮਾਨੀ ਰੇਖਾ' ਤੇ ਭਾਰਤ ਵਿੱਚ ਸਰਕਾਰੀ ਯੂਨੀਵਰਸਿਟੀਆਂ 'ਚ 11ਵੇਂ ਸਥਾਨ ਦੀ ਚੜ੍ਹਦੀ ਦਰਜਾਬੰਦੀ ਖੋਜ ਦੀ ਮਜ਼ਬੂਤ ਧੜਕਣ ਦਾ ਸੰਕੇਤ ਹੈ।ਐੱਚ-ਇੰਡੈਕਸ 175 ਤੱਕ ਪਹੁੰਚਣਾ ਗਿਣਤੀ ਨਹੀਂ, ਗਵਾਹੀ ਹੈ ਕਿ ਸੋਚ ਨੇ ਗਹਿਰਾਈ ਫੜ ਲਈ ਹੈ। ਪਰ ਅਸਲੀ ਕਦਰ ਤਾਂ ਓਥੇ ਜਨਮ ਲੈਂਦੀ ਹੈ ਜਿੱਥੇ 'ਖੋਜ' ਕਾਗਜ਼ਾਂ ਤੋਂ ਉਤਰ ਕੇ ਜ਼ਮੀਨ ਨਾਲ ਗੱਲਾਂ ਕਰਦੀ ਹੈ।ਇਸ ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਖੋਜ ਪੰਜਾਬ ਦੀ ਤ੍ਰਿੱਖੀ ਧਰਤੀ ਲਈ ਪਾਣੀ ਦੀ ਹਰ ਬੂੰਦ ਬਚਾਉਣ ਦਾ ਸੁਪਨਾ ਬਣੀ।ਘੱਟ ਪਾਣੀ ਵਾਲੀਆਂ ਫ਼ਸਲਾਂ ਦੇ ਪ੍ਰਯੋਗ ਲੈਬ ਦੀ ਚੁੱਪ ਤੋਂ ਨਿਕਲ ਕੇ ਕਿਸਾਨ ਦੇ ਖੇਤ ਤੱਕ ਪਹੁੰਚੇ

ਜਿੱਥੇ ਨਤੀਜੇ ਫ਼ਾਈਲ ਨਹੀਂ, ਫ਼ਸਲ ਬਣੇ। ਨਵੰਬਰ 2025 ਦੀ ਵਰਕਸ਼ਾਪ ਵਿੱਚ ਯੂਨੀਵਰਸਿਟੀ ਨੇ ਐਲਾਨ ਕੀਤਾ- ਪਾਣੀ ਸੰਸਾਧਨਾਂ ਦੇ ਪ੍ਰਬੰਧਨ ਲਈ ਇੱਕ ਵਿਸ਼ਾਲ ਪਾਲਿਸੀ ਦਸਤਾਵੇਜ਼, ਜੋ ਸਰਕਾਰ ਤੱਕ ਸਿਰਫ਼ ਸਿਫ਼ਾਰਸ਼ ਨਹੀਂ, ਜ਼ਿੰਮੇਵਾਰੀ ਬਣ ਕੇ ਪਹੁੰਚਿਆ। ਇਹ ਦਸਤਾਵੇਜ਼ ਅਧਿਕ ਪਾਣੀ ਖਾਂਦੀ ਖੇਤੀ, ਬੇਲਗਾਮ ਟਿਊਬਵੈੱਲਾਂ ਦੀ ਪਿਆਸ ਅਤੇ ਬਾਰਿਸ਼ ਦੇ ਪਾਣੀ ਨੂੰ ਵਹਿ ਜਾਣ ਤੋਂ ਰੋਕਣ ਦੀ ਸੋਚ ਇਕੱਠੀ ਕਰਦਾ ਹੈ। ਹੁਣ ਖੋਜ ਸਿਰਫ਼ ਜਰਨਲਾਂ ਦੇ ਸਫ਼ਿਆਂ 'ਚ ਕੈਦ ਨਹੀਂ। ਇਹ ਹੁਣ ਪੰਜਾਬ ਦੀ ਮਿੱਟੀ ਦਾ ਸਵਾਲ, ਪਾਣੀ ਦੀ ਆਸ ਅਤੇ ਭਵਿੱਖ ਦੀ ਬੀਜਾਈ ਹੈ; ਜਿੱਥੇ ਲੈਬ ਤੋਂ ਖੇਤ ਤੱਕ ਗਿਆਨ ਜੀਵੰਤ ਹੱਲ ਬਣ ਜਾਂਦਾ ਹੈ। ਪੰਜਾਬ ਦਾ ਨੌਜਵਾਨ ਅੱਜ ਅਜੀਬ ਚੌਰਾਹੇ 'ਤੇ ਖੜਾ ਹੈ- ਬੇਰੁਜ਼ਗਾਰੀ ਦੀ ਸੁੰਨੀ ਧਰਤੀ, ਨਸ਼ਿਆਂ ਦੀ ਘੁੱਟਦੀ ਲਪੇਟ ਅਤੇ ਪਰਦੇਸ ਜਾਣ ਦੀ ਬੇਚੈਨੀ, ਜੋ ਰੂਹ ਤੱਕ ਹਿਲਾ ਦਿੰਦੀ ਹੈ।

ਸੁਪਨੇ ਅੱਖਾਂ ਵਿੱਚ ਨੇ, ਪਰ ਰਾਹ ਧੁੰਦਲੇ ਹੋ ਚੁੱਕੇ ਨੇ। ਇਸ ਹਨੇਰੇ ਸਮੇਂ ਵਿੱਚ, ਉਮੀਦ ਦਾ ਪ੍ਰਤੀਕ ਬਣਦੀ ਵੀ ਸੀ ਸਰ ਦੀ ਕਰਮਠ ਕਾਰਜਸ਼ੀਲਤਾ, ਮਜ਼ਬੂਤ ਅਕਾਦਮਿਕ ਪ੍ਰੋਗਰਾਮ,ਭਵਿੱਖ ਮੁਖੀ ਯੋਜਨਾਵਾਂ ਰਾਹੀਂ ਗਿਆਨ ਦੇ ਨਵੇਂ ਪਾਸਾਰ ਨਾਲ ਉਹ ਨੌਜਵਾਨਾਂ ਦੇ ਮਨਾਂ ਵਿੱਚ ਆਤਮ-ਵਿਸ਼ਵਾਸ ਦਾ ਜਜ਼ਬਾ ਭਰ ਰਹੇ ਹਨ।ਆਰਟੀਫਿਸ਼ਅਲ ਇੰਟੈਲੀਜੈਂਸ, ਮਸ਼ੀਨ ਲਰਨਿੰਗ, ਡਾਟਾ ਸਾਇੰਸ ਤੇ ਸਾਈਬਰ ਸਿਕਿਉਰਟੀ ਵਰਗੇ ਖੇਤਰਾਂ ਵਿੱਚ ਮਜ਼ਬੂਤ ਕੋਰਸਾਂ ਦੇ ਨਾਲ 13 ਲੱਖ ਤੱਕ ਦੇ ਪਲੇਸਮੈਂਟ ਪੈਕੇਜ; ਇਹ ਸਿਰਫ਼ ਅੰਕ ਨਹੀਂ,

ਇਹ ਭਵਿੱਖ ਦੇ ਖੁਲ੍ਹਦੇ ਦਰਵਾਜ਼ੇ ਨੇ। ਸਰਹੱਦੀ ਤੇ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਲਈ ਉਚੇਰੀ ਸਿੱਖਿਆ ਦੇ ਮੌਕੇ ਪੈਦਾ ਕਰਨਾ, ਉਹਨਾਂ ਹੱਥਾਂ ਵਿੱਚ ਕਲਮ ਦੇਣਾ ਜੋ ਅਕਸਰ ਹਾਲਾਤਾਂ ਕਰਕੇ ਖਾਲੀ ਰਹਿ ਜਾਂਦੇ ਨੇ ਇਹ ਇਕ ਮੁਹਿੰਮ ਹੈ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਭਵਿੱਖ ਮੁੜ ਤੋਂ ਸਵਾਰਨ ਦੀ ਮੁਹਿੰਮ, ਜਿੱਥੇ ਸੁਪਨੇ ਪਰਦੇਸ ਨਹੀਂ, ਵਤਨ ਦੀ ਮਿੱਟੀ ਵਿੱਚ ਹੀ ਸਾਕਾਰ ਹੁੰਦੇ ਨੇ। ਰਾਜਸਥਾਨ ਦੀ ਧਰਤੀ ਉੱਤੇ, ਸੱਤ ਸ਼ਹਿਰਾਂ ਵਿੱਚ ਗੂੰਜੇ ਜਸ਼ਨ ਦੇ ਨਗਾਰੇ, ਜਦੋਂ ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼ 2025 ਦੇ ਮੈਦਾਨਾਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਪਣੀ ਮਿਹਨਤ ਦੀ ਰੌਸ਼ਨੀ ਫੈਲਾਈ।63 ਮੈਡਲ-32 ਸੋਨੇ ਵਾਂਗ ਚਮਕਦੇ, 16 ਚਾਂਦੀ ਵਰਗੇ ਸ਼ੀਤਲ, ਅਤੇ 15 ਕਾਂਸੇ ਜਿਨ੍ਹਾਂ ਵਿੱਚ ਹੌਂਸਲੇ ਦੀ ਖੁਸ਼ਬੂ ਸੀ- ਇਸ ਯਾਤਰਾ ਦਾ ਨਤੀਜਾ ਬਣੇ ਅਤੇ ਓਵਰਆਲ ਰੈਂਕਿੰਗ ਵਿੱਚ ਯੂਨੀਵਰਸਿਟੀ ਨੇ ਦੂਜਾ ਸਥਾਨ ਹਾਸਲ ਕਰ ਲਿਆ। ਸਾਈਕਲ ਦੇ ਪਹੀਏ ਨਾਲ ਸੁਪਨਿਆਂ ਨੂੰ ਗਤੀ ਦਿੰਦਿਆਂ ਮੀਨਾਕਸ਼ੀ ਰੋਹਿਲਾ ਨੇ ਚਾਰ ਸੋਨੇ ਅਤੇ ਇੱਕ ਚਾਂਦੀ ਨਾਲ ਜਿੱਤ ਦੀ ਕਹਾਣੀ ਲਿਖੀ। ਰਿਤੁਰਾਜ ਸਿੰਘ ਬੁੰਡੇਲਾ

ਅਤੇ ਸ਼ਿਵਾਨੀ ਰਾਇਕਵਾਰ ਦੀ ਸਾਂਝੀ ਨਿਸ਼ਾਨੇਬੰਦੀ ਨੇ ਮਿਕਸਡ ਟੀਮ ਗੋਲਡ ਜਿੱਤ ਕੇ ਦੱਸਿਆ

ਕਿ ਸਫ਼ਲਤਾ ਸਿਰਫ਼ ਨਿਸ਼ਾਨੇ ਦੀ ਨਹੀਂ, ਭਰੋਸੇ ਦੀ ਵੀ ਹੁੰਦੀ ਹੈ। ਇਹ ਜਿੱਤ ਸਿਰਫ਼ ਤਮਗਿਆਂ ਦੀ ਗਿਣਤੀ ਨਹੀਂ, ਇਹ ਉਹਨਾਂ ਚਿਹਰਿਆਂ ਦੀ ਮੁਸਕਾਨ ਹੈ ਜੋ ਪੇਂਡੂ ਰਾਹਾਂ ਤੋਂ ਚੱਲ ਕੇ ਰਾਸ਼ਟਰੀ ਮੰਚ ਤੱਕ ਪਹੁੰਚੇ। ਆਰਥਿਕ ਤੌਰ 'ਤੇ ਕਮਜ਼ੋਰ ਪਿਛੋਕੜ ਤੋਂ ਆਏ ਵਿਦਿਆਰਥੀ, ਜਦੋਂ ਪੋਡਿਯਮ 'ਤੇ ਖੜ੍ਹੇ ਹੁੰਦੇ ਹਨ, ਤਾਂ ਉਹ ਆਪਣੇ ਨਾਲ ਪੂਰੇ ਸਮਾਜ ਦੀ ਆਸ ਵੀ ਚੁੱਕ ਕੇ ਲਿਆਉਂਦੇ ਹਨ।

ਯੂਨੀਵਰਸਿਟੀ ਵੱਲੋਂ ਦਿੱਤੀਆਂ ਸਕਾਲਰਸ਼ਿਪਸ, ਕੋਚਿੰਗ ਅਤੇ ਹੌਂਸਲੇ ਨੇ ਨਾ ਸਿਰਫ਼ ਉਨ੍ਹਾਂ ਦੀ ਪ੍ਰਤਿਭਾ ਨਿਖਾਰੀ, ਸਗੋਂ ਉਨ੍ਹਾਂ ਦੇ ਪਰਿਵਾਰਾਂ ਲਈ ਸਨਮਾਨ ਅਤੇ ਭਵਿੱਖ ਲਈ ਨਵਾਂ ਰਸਤਾ ਖੋਲ੍ਹਿਆ।

ਖੇਡ ਵਿਭਾਗ ਨੇ ਰਾਸ਼ਟਰੀ ਮਾਣ ਦੇ ਨਾਲ-ਨਾਲ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਅਤੇ ਬੇਰੁਜ਼ਗਾਰੀ ਦੇ ਹਨੇਰੇ ਤੋਂ ਰੌਸ਼ਨੀ ਵੱਲ ਮੋੜਨ ਦਾ ਸੰਦੇਸ਼ ਦਿੱਤਾ। ਯੂਨੀਵਰਸਿਟੀ ਦੀ ਬੈਡਮਿੰਟਨ ਟੀਮ ਨੇ ਸਿਲਵਰ ਮੈਡਲ ਜਿੱਤ ਕੇ ਸਾਬਤ ਕਰ ਦਿੱਤਾ ਕਿ ਖੇਡਾਂ ਸਿਰਫ਼ ਮੁਕਾਬਲਾ ਨਹੀਂ, ਸਮਾਜ ਬਦਲਣ ਦੀ ਤਾਕਤ ਵੀ ਹਨ।

ਮਿਆਸ ਜੀ ਐਨ ਡੀ ਯੂ ਦਾ ਖੇਡ ਵਿਗਿਆਨ ਅਤੇ ਮੈਡੀਸਨ ਵਿਭਾਗ, ਆਪਣੀ ਅਕਾਦਮਿਕ ਮਹਾਨਤਾ, ਢਾਂਚੇ ਦੀ ਮਜ਼ਬੂਤੀ ਅਤੇ ਖੋਜ ਦੇ ਯੋਗਦਾਨ ਲਈ ਨਵੀਂ ਦਿੱਲੀ ਦੀ CSRI ਵੱਲੋਂ "ਭਾਰਤ ਵਿੱਚ ਖੇਡ ਵਿਗਿਆਨ ਅਧਾਰਿਤ ਕੋਰਸਾਂ ਲਈ ਸਰਵੋਤਮ ਰਾਸ਼ਟਰੀ ਸੰਸਥਾ" ਦੇ ਤੌਰ' ਤੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਕੇਵਲ ਇਕ ਟਾਈਟਲ ਨਹੀਂ, ਬਲਕਿ ਉਸ ਮਿਹਨਤ, ਦ੍ਰਿੜਤਾ ਅਤੇ ਉਤਸ਼ਾਹ ਦੀ ਪੁਸ਼ਟੀ ਹੈ ਜਿਸ ਨਾਲ ਯੂਨੀਵਰਸਿਟੀ ਨੇ ਖੇਡ ਸਿੱਖਿਆ ਨੂੰ ਇੱਕ ਨਵਾਂ ਆਕਾਰ ਦਿੱਤਾ। ਪੰਜਾਬ ਦੇ ਖੇਡ ਜਗਤ ਲਈ ਇਹ ਮਾਣ ਦਾ ਮੌਕਾ ਹੈ, ਜਿੱਥੇ ਹਰ ਸਫ਼ਲਤਾ ਯੂਨੀਵਰਸਿਟੀ ਦੇ ਨਾਂ ਨੂੰ ਉੱਚਾ ਕਰਦੀ ਹੈ ਅਤੇ ਯੁਵਾ ਖਿਡਾਰੀਆਂ ਨੂੰ ਪ੍ਰੇਰਨਾ ਦਿੰਦੀ ਹੈ।

ਇਹ ਸਨਮਾਨ ਸਾਬਤ ਕਰਦਾ ਹੈ ਕਿ ਆਪ ਦੀ ਪ੍ਰੇਰਨਾ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾ ਸਿਰਫ਼ ਖੇਡ ਸਿੱਖਿਆ ਵਿੱਚ ਦੇਸ਼ ਦੀ ਅਗਵਾਈ ਕਰ ਰਹੀ ਹੈ, ਬਲਕਿ ਉਹ ਪ੍ਰਤੀਕ ਬਣ ਚੁੱਕੀ ਹੈ; ਸੰਸਥਾ ਜਿੱਥੇ ਗਿਆਨ, ਖੋਜ ਅਤੇ ਖੇਡ ਮਿਲ ਕੇ ਇੱਕ ਨਵੀਂ ਦਿਸ਼ਾ ਰਚਦੇ ਹਨ।

ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਦੀ ਦੂਰਦਰਸ਼ੀ ਅਗਵਾਈ ਹੇਠ ਚੁੱਕੇ ਗਏ ਇਤਿਹਾਸਕ ਕਦਮ ਸਿਰਫ਼ ਪ੍ਰਸ਼ਾਸਕੀ ਫੈਸਲੇ ਨਹੀਂ, ਸਗੋਂ ਵਿਸ਼ਵ ਪੱਧਰੀ ਸੰਵਾਦ ਦੀ ਸ਼ੁਰੂਆਤ ਹਨ। ਭਾਰਤ ਦੀ ਕਿਸੇ ਯੂਨੀਵਰਸਿਟੀ ਵੱਲੋਂ ਪਹਿਲੀ ਵਾਰ ਕੈਲੀਫ਼ੋਰਨੀਆ ਦੀ ਧਰਤੀ' ਤੇ ਆਫ਼ਸ਼ੋਰ ਕੈਂਪਸ ਖੋਲ੍ਹਣ ਦਾ ਪ੍ਰਸਤਾਵ ਉਹ ਪੁਲ ਹੈ, ਜੋ ਪੂਰਬ ਦੀ ਬੌਧਿਕ ਰੋਸ਼ਨੀ ਨੂੰ ਪੱਛਮ ਦੇ ਆਕਾਸ਼ ਤੱਕ ਲੈ ਜਾਂਦਾ ਹੈ। ਇਸਦੇ ਨਾਲ ਹੀ ਸਿੱਖ ਅਧਿਐਨ ਲਈ ਤਿੰਨ ਕਰੋੜ ਰੁਪਏ ਨਾਲ ਸਿੱਖ ਸਟੱਡੀ ਚੇਅਰ ਦੀ ਸਥਾਪਨਾ; ਆਤਮਕਤਾ, ਇਤਿਹਾਸ ਅਤੇ ਅਕਾਦਮਿਕਤਾ ਦਾ ਪਵਿੱਤਰ ਮਿਲਾਪ ਹੈ। ਇਨ੍ਹਾਂ ਕਦਮਾਂ ਰਾਹੀਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੀਆਂ ਨਵੀਆਂ ਪੀੜ੍ਹੀਆਂ ਆਪਣੇ ਵਿਰਸੇ ਦੀ ਧੜਕਨ ਨੂੰ ਮੁੜ ਮਹਿਸੂਸ ਕਰ ਸਕਣਗੀਆਂ, ਜੜ੍ਹਾਂ ਨਾਲ ਜੁੜ ਕੇ ਆਪਣੀ ਪਹਿਚਾਣ ਨੂੰ ਹੋਰ ਮਜ਼ਬੂਤ ਕਰ ਸਕਣਗੀਆਂ। ਇਹ ਉਪਰਾਲੇ ਸਿੱਖ ਦਰਸ਼ਨ, ਪੰਜਾਬੀ ਸਭਿਆਚਾਰ ਅਤੇ ਰੂਹਾਨੀ ਸੋਚ ਨੂੰ ਵਿਸ਼ਵ ਮੰਚ' ਤੇ ਸਿਰਫ਼ ਪ੍ਰਸਾਰਿਤ ਹੀ ਨਹੀਂ ਕਰਨਗੇ, ਸਗੋਂ ਵੱਖ-ਵੱਖ ਸਭਿਆਚਾਰਾਂ ਦਰਮਿਆਨ ਇਕ ਜੀਵੰਤ ਸੰਵਾਦ ਨੂੰ ਜਨਮ ਦੇਣਗੇ। ਇਸ ਤਰ੍ਹਾਂ ਪੰਜਾਬ ਦੀ ਬੌਧਿਕ ਅਤੇ ਸਾਂਸਕ੍ਰਿਤਿਕ ਵਿਰਾਸਤ ਸੰਸਾਰ ਭਰ ਵਿੱਚ ਫ਼ੈਲਦੀ ਹੋਈ ਨਵੀਂ ਸੋਚ ਅਤੇ ਸਮਝ ਨੂੰ ਜਨਮ ਦੇਵੇਗੀ।

ਜਨਵਰੀ 2025 ਦੀ ਠੰਡੀ ਰੌਸ਼ਨੀ ਵਿੱਚ, ਪੰਜਾਬ ਦੇ ਮਹਾਨ ਕਵੀ ਪਦਮ ਸ਼੍ਰੀ ਡਾ. ਸੁਰਜੀਤ ਪਾਤਰ ਜੀ ਦੀ ਨਿੱਘੀ ਯਾਦ ਨੂੰ ਸਨਮਾਨ ਦੇਣ ਲਈ, ਅਦੁੱਤੀ ਯਤਨ ਨੇ ਜਨਮ ਲਿਆ; 'ਸੁਰਜੀਤ ਪਾਤਰ ਸੈਂਟਰ ਫਾਰ ਥੀਕਲ ਏ ਆਈ'। ਇਸ ਯਤਨ ਨੂੰ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਯੂਨੀਵਰਸਿਟੀ ਦੇ ਗੋਲਡਨ ਜੁਬਲੀ ਕਨਵੈਂਸ਼ਨ ਸੈਂਟਰ ਵਿੱਚ ਮਨਜ਼ੂਰੀ ਦਿੰਦਿਆਂ ਫ਼ਖਰ ਪ੍ਰਗਟਾਇਆ। ਇਸ ਨਵੇਂ ਸੈਂਟਰ ਦਾ ਮਕਸਦ ਸਿਰਫ਼ ਤਕਨੀਕ ਸਿਖਾਉਣਾ ਨਹੀਂ, ਸਗੋਂ ਨੈਤਿਕ ਏਆਈ ਦੇ ਸੂਤਰਾਂ' ਤੇ ਕੇਂਦਰਿਤ ਨਵੀਂ ਪੀੜ੍ਹੀ ਨੂੰ ਤਿਆਰ ਕਰਨਾ ਹੈ। ਬੀ.ਟੈਕ ਦੇ ਚਾਰ ਸਾਲਾ ਅਤੇ ਐੱਮ.ਟੈਕ ਪ੍ਰੋਗਰਾਮਾਂ ਰਾਹੀਂ ਵਿਦਿਆਰਥੀ ਮਸ਼ੀਨ ਲਰਨਿੰਗ ਦੀਆਂ ਤਕਨੀਕਾਂ ਵਿੱਚ ਮਾਹਿਰ ਹੋਣਗੇ ਅਤੇ ਭਵਿੱਖ ਦੀ ਸਮਾਜਿਕ ਜ਼ਿੰਮੇਵਾਰੀ ਨੂੰ ਸਮਝਣਗੇ।

ਮਈ 2025 ਵਿੱਚ ਦਾਖਲੇ ਖੁੱਲ੍ਹੇ ਅਤੇ ਜੁਲਾਈ 2025 ਵਿੱਚ ਵਿਸ਼ੇਸ਼ ਇੰਟਰਵਿਊਜ਼।ਪੰਜਾਬੀ ਸਾਹਿਤ ਅਤੇ ਤਕਨੀਕ ਦੇ ਸਹਿਯੋਗ ਦੀ ਨਵੀਂ ਮਿਸਾਲ। ਇਹ ਪਹਿਲ ਨਾ ਸਿਰਫ਼ ਨੌਜਵਾਨਾਂ ਨੂੰ ਵਿਸ਼ਵ-ਪੱਧਰੀ ਹੁਨਰ ਨਾਲ ਲੈਸ ਕਰੇਗੀ, ਸਗੋਂ ਸੁਰਜੀਤ ਪਾਤਰ ਜੀ ਦੀ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਸਾਰਥਕ ਮਾਧਿਅਮ ਬਣੇਗੀ। ਏ ਆਈ ਦੇ ਜਗਤ ਵਿੱਚ ਪਾਤਰ ਸਾਹਿਬ ਦੀ ਕਲਮ ਦੀ ਤਰ੍ਹਾਂ ਹੀ ਇਹ ਸੈਂਟਰ ਵੀ ਚਮਕੇਗਾ; ਸੋਚ ਨੂੰ ਪ੍ਰਗਟਾਉਂਦਾ, ਨਵੀਨਤਾ ਨੂੰ ਪ੍ਰੇਰਿਤ ਕਰਦਾ ਅਤੇ ਭਵਿੱਖ ਲਈ ਦਿਸ਼ਾ ਨਿਰਧਾਰਿਤ ਕਰਦਾ।

ਸਾਲ 2025 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਲਈ ਸੁਪਨੇ ਸਿਰਫ਼ ਦੇਖੇ ਨਹੀਂ, ਬਲਕਿ ਉਨ੍ਹਾਂ ਨੂੰ ਅਮਲ ਵਿੱਚ ਵੀ ਲਿਆਂਦਾ।ਜੂਨ ਮਹੀਨੇ ਦੀ ਧੁੱਪ ਹੇਠ, ਯੂਨੀਵਰਸਿਟੀ ਨੇ ਵਪਾਰਕ ਸ਼ਬਦਾਵਲੀ (ਅੰਗਰੇਜ਼ੀ-ਪੰਜਾਬੀ) ਲਈ ਵਿਦਿਆਰਥੀਆਂ ਵਾਸਤੇ ਵਰਕਸ਼ਾਪ ਦਾ ਆਯੋਜਨ ਕੀਤਾ। ਆਨਲਾਈਨ ਐੱਮ.ਏ. ਪੰਜਾਬੀ ਪ੍ਰੋਗਰਾਮ ਨੂੰ ਵਿਸ਼ਾਲ ਕੀਤਾ,ਜਿਸ ਨਾਲ ਦੂਰ-ਦੂਰ ਦੇ ਖੇਤਰਾਂ ਦੇ ਵਿਦਿਆਰਥੀ ਵੀ ਪੰਜਾਬੀ ਦੀ ਮਿੱਠੀ ਧੁਨੀ ਨਾਲ ਰੁਬਰੂ ਹੋ ਸਕਦੇ ਹਨ।ਸਿਰਫ਼ ਇਤਿਹਾਸ ਅਤੇ ਸਾਹਿਤ ਹੀ ਨਹੀਂ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਤਕਨੀਕ ਨਾਲ ਭਾਸ਼ਾ ਨੂੰ ਜੋੜਨ ਦਾ ਵੀ ਮਨ ਬਣਾਇਆ।ਏ.ਆਈ.ਅਧਾਰਿਤ ਪੰਜਾਬੀ ਸਿੱਖਣ ਵਾਲੇ ਪਲੇਟਫਾਰਮ ਨੂੰ ਉਤਸ਼ਾਹ ਦਿੱਤਾ ਗਿਆ, ਜਿਸ ਨਾਲ ਪੰਜਾਬੀ ਵਿਗਿਆਨਕ, ਤਕਨੀਕੀ ਅਤੇ ਵਪਾਰਕ ਦੁਨੀਆ ਵਿੱਚ ਵੀ ਆਪਣਾ ਸਹੀ ਥਾਂ ਬਣਾਏਗੀ।

ਆਪ ਜੀ ਦੀ ਦੂਰਅੰਦੇਸ਼ੀ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਇਤਿਹਾਸ ਦੇ ਸਫ਼ਿਆਂ' ਚ ਇੱਕ ਨਵੀਂ ਇਬਾਰਤ ਉਕਰੀ ਹੈ। ਪੰਜਾਬੀ-ਪਹਿਲੀ ਸਿੱਖਿਆ, ਖੋਜ ਅਤੇ ਪ੍ਰਸ਼ਾਸਨ ਨੀਤੀ 2026 ਦੇ ਨਾਲ, ਯੂਨੀਵਰਸਿਟੀ ਨੇ ਐਲਾਨ ਕੀਤਾ ਹੈ ਕਿ ਹੁਣ ਗਿਆਨ ਸਿਰਫ਼ ਵਿਸ਼ਵ ਭਾਸ਼ਾ ਅੰਗਰੇਜ਼ੀ ਵਿੱਚ ਹੀ ਨਹੀਂ, ਸਗੋਂ ਲੋਕਾਂ ਦੀ ਆਪਣੀ ਭਾਸ਼ਾ-ਪੰਜਾਬੀ (ਗੁਰਮੁਖੀ)ਵਿੱਚ ਵੀ ਬੋਲੇਗਾ।

ਹੁਣ ਖੋਜ ਦੇ ਵਿਚਾਰ,ਥੀਸਿਸਾਂ ਦੀ ਗਹਿਰਾਈ ਅਤੇ ਵਿਗਿਆਨਕ ਨਤੀਜੇ ਸਿਰਫ਼ ਅੰਗਰੇਜ਼ੀ ਦੀਆਂ ਕਿਤਾਬਾਂ ਵਿੱਚ ਕੈਦ ਨਹੀਂ ਰਹਿਣਗੇ। ਪੀਐਚ.ਡੀ ਡਿਸਰਟੇਸ਼ਨ ਅਤੇ ਫੰਡਡ ਰਿਸਰਚ ਦੋਹਾਂ ਭਾਸ਼ਾਵਾਂ ਵਿੱਚ ਰੂਪ ਧਾਰਨ ਕਰਨਗੀਆਂ-ਇੱਕ ਨਜ਼ਰ ਸੰਸਾਰ ਵੱਲ, ਦੂਜੀ ਆਪਣੀ ਮਿੱਟੀ ਵੱਲ। ਇਹ ਨੀਤੀ ਹਰ ਉਸ ਵਿਦਿਆਰਥੀ ਦੀ ਆਵਾਜ਼ ਹੈ ਜੋ ਸੋਚਦਾ ਪੰਜਾਬੀ ਵਿੱਚ ਹੈ, ਸੁਪਨੇ ਪੰਜਾਬੀ ਵਿੱਚ ਵੇਖਦਾ ਹੈ। ਪਿੰਡਾਂ, ਸਰਹੱਦੀ ਇਲਾਕਿਆਂ ਅਤੇ ਪਹਿਲੀ ਪੀੜ੍ਹੀ ਦੇ ਸਿਖਿਆਰਥੀਆਂ ਲਈ ਇਹ ਇੱਕ ਹੌਂਸਲੇ ਭਰੀ ਪੁਕਾਰ ਹੈ ਕਿ ਤੇਰੀ ਭਾਸ਼ਾ ਕਮਜ਼ੋਰੀ ਨਹੀਂ, ਤੇਰੀ ਤਾਕਤ ਹੈ।

ਖੇਤੀਬਾੜੀ, ਸਿਹਤ, ਸਿੱਖਿਆ, ਕਾਨੂੰਨ, ਵਾਤਾਵਰਣ ਅਤੇ ਸਮਾਜ' ਤੇ ਹੋਣ ਵਾਲੀ ਖੋਜ ਹੁਣ ਪੰਜਾਬੀ ਵਿੱਚ ਵੀ ਪੜ੍ਹੀ ਜਾਵੇਗੀ, ਸਮਝੀ ਜਾਵੇਗੀ, ਅਤੇ ਜੀਵਨ ਵਿੱਚ ਉਤਾਰੀ ਜਾਵੇਗੀ। ਇਸ ਤਰ੍ਹਾਂ ਪੰਜਾਬੀ ਸਿਰਫ਼ ਵਿਰਾਸਤ ਦੀ ਭਾਸ਼ਾ ਨਹੀਂ ਰਹੇਗੀ, ਸਗੋਂ ਵਿਗਿਆਨ, ਨਵੀਨਤਾ ਅਤੇ ਲੋਕ-ਹਿੱਤ ਦੀ ਜੀਵੰਤ ਭਾਸ਼ਾ ਬਣੇਗੀ।ਯੂਨੀਵਰਸਿਟੀ ਇਸ ਯਾਤਰਾ ਨੂੰ ਮਜ਼ਬੂਤ ਬਣਾਉਣ ਲਈ ਅਕਾਦਮਿਕ ਸ਼ਬਦਾਵਲੀ, ਲੇਖਨ, ਅਨੁਵਾਦ ਸਹਾਇਤਾ ਅਤੇ ਦੋਭਾਸ਼ੀ ਡਿਜੀਟਲ ਭੰਡਾਰ ਤਿਆਰ ਕਰੇਗੀ। ਤਕਨਾਲੋਜੀ ਸਹਾਇਕ ਹੋਵੇਗੀ, ਪਰ ਸੱਚਾਈ ਅਤੇ ਅਕਾਦਮਿਕ ਇਮਾਨਦਾਰੀ ਦੀ ਜ਼ਿੰਮੇਵਾਰੀ ਵਿਦਵਾਨ ਦੀ ਰਹੇਗੀ।

ਨੀਤੀ ਨੂੰ ਸੋਚ-ਵਿਚਾਰ ਨਾਲ, ਕਦਮ-ਦਰ-ਕਦਮ ਲਾਗੂ ਕੀਤਾ ਜਾਵੇਗਾ;ਇਸ ਤਰ੍ਹਾਂ ਕਿ ਬਦਲਾਓ ਬੋਝ ਨਾ ਬਣੇ, ਸਗੋਂ ਮੌਕਾ ਬਣੇ। ਇਹ ਪਹਿਲ ਰਾਸ਼ਟਰੀ ਸਿੱਖਿਆ ਨੀਤੀ 2020 ਦੀ ਆਤਮਾ ਨਾਲ ਗੂੰਜਦੀ ਹੈ, ਜੋ ਮਾਤਭਾਸ਼ਾ ਅਤੇ ਬਹੁਭਾਸ਼ੀ ਸਿੱਖਿਆ ਨੂੰ ਅਸਲ ਤਾਕਤ ਮੰਨਦੀ ਹੈ। ਇਸ ਨੀਤੀ ਨਾਲ ਯੂਨੀਵਰਸਿਟੀ ਨੇ ਸਾਫ਼ ਤੇ ਸਪੱਸ਼ਟ ਕਹਿ ਦਿੱਤਾ ਹੈ: ਗਿਆਨ ਜਦੋਂ ਲੋਕਾਂ ਦੀ ਭਾਸ਼ਾ ਬੋਲਦਾ ਹੈ, ਤਾਂ ਹੀ ਉਹ ਸਮਾਜ ਦੀ ਰੌਸ਼ਨੀ ਬਣਦਾ ਹੈ। ••

### ਮੋਗਾ ਰੈਲੀ ‘ਤੇ ਸਿਆਸੀ ਤਕਰਾਰ ਤੇਜ਼

# ਖਹਿਰਾ ਨੇ ਆਪ ਸਰਕਾਰ ‘ਤੇ ਸਰਕਾਰੀ ਮਸ਼ੀਨਰੀ ਦੇ ਦੁਰਉਪਯੋਗ ਦੇ ਲਗਾਏ ਦੋਸ਼

**ਜਲੰਧਰ, 16 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**- ਭੁਲੱਥ ਤੋਂ ਵਿਧਾਇਕ ਅਤੇ ਸੀਨੀਅਰ ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੇ ਮੋਗਾ ਵਿੱਚ ਨਸ਼ਿਆਂ ਖ਼ਿਲਾਫ਼ ਮੁਹਿੰਮ ਦੇ ਨਾਂ ‘ਤੇ ਹੋਈ ਰੈਲੀ ਨੂੰ ਲੈ ਕੇ ਆਮ ਆਦਮੀ ਪਾਰਟੀ ਸਰਕਾਰ ‘ਤੇ ਗੰਭੀਰ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਰੈਲੀ ਲਈ ਸਰਕਾਰੀ ਬੱਸਾਂ, ਵਾਹਨਾਂ ਅਤੇ ਪ੍ਰਸ਼ਾਸਨਿਕ ਮਸ਼ੀਨਰੀ ਦਾ ਖੁੱਲ੍ਹਾ ਦੁਰਉਪਯੋਗ ਕੀਤਾ ਗਿਆ, ਜਿਸ ਨਾਲ ਆਮ ਜਨਤਾ ਨੂੰ ਭਾਰੀ ਪਰੇਸ਼ਾਨੀ ਝੱਲਣੀ ਪਈ। ਖਹਿਰਾ ਦੇ ਮੁਤਾਬਕ ਕਈ ਜ਼ਿਲ੍ਹਿਆਂ ਵਿੱਚ ਸਰਕਾਰੀ ਆਵਾਜਾਈ ਸੇਵਾਵਾਂ ਪ੍ਰਭਾਵਿਤ ਹੋਈਆਂ ਅਤੇ ਵਿਦਿਆਰਥੀਆਂ, ਕਰਮਚਾਰੀਆਂ ਤੇ ਰੋਜ਼ਾਨਾ ਯਾਤਰੀਆਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਦੇ ਟੈਕਸ ਦੇ ਪੈਸੇ ਨਾਲ ਸਿਆਸੀ ਪ੍ਰਚਾਰ ਕਰਨਾ ਗਲਤ ਹੈ ਅਤੇ ਇਹ ਰਾਜਨੀਤਿਕ ਨੈਤਿਕਤਾ ਦੇ ਖ਼ਿਲਾਫ਼ ਹੈ।




ਉਨ੍ਹਾਂ ਨੇ ਕਿਹਾ ਕਿ ਜੇ ਸਰਕਾਰ ਨਸ਼ਿਆਂ ਦੇ ਖ਼ਾਤਮੇ ਲਈ ਸੱਚਮੁੱਚ ਵਚਨਬੱਧ ਹੈ ਤਾਂ ਇਸਨੂੰ ਜ਼ਮੀਨੀ ਪੱਧਰ ‘ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਖਹਿਰਾ ਨੇ ਦਲੀਲ ਦਿੱਤੀ ਕਿ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਨਸ਼ਿਆਂ ਦੀ ਲਤ ਅਤੇ ਓਵਰਡੋਜ਼ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ, ਜੋ ਸਰਕਾਰ ਦੇ ਦਾਅਵਿਆਂ ‘ਤੇ ਸਵਾਲ ਖੜੇ ਕਰਦੇ ਹਨ।

ਖਹਿਰਾ ਨੇ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਨਸ਼ਾ ਤਸਕਰੀ ਵਿਰੁੱਧ ਕੀਤੀ ਗਈ ਅਸਲ ਕਾਰਵਾਈ ਦੀ ਪਾਰਦਰਸ਼ੀ ਰਿਪੋਰਟ ਜਾਰੀ ਕੀਤੀ ਜਾਵੇ। ਉਨ੍ਹਾਂ ਮੰਗ ਕੀਤੀ ਕਿ ਸਰਕਾਰੀ ਸਰੋਤਾਂ ਦਾ ਇਸਤੇਮਾਲ ਸਿਰਫ਼ ਲੋਕ ਭਲਾਈ ਲਈ ਹੀ ਹੋਵੇ ਅਤੇ ਰਾਜਨੀਤਿਕ ਰੈਲੀਆਂ ਲਈ ਜਨਤਕ ਧਨ ਦੀ ਵਰਤੋਂ ਤੁਰੰਤ ਰੋਕੀ ਜਾਵੇ।

ਇਸ ਮਾਮਲੇ ਨੂੰ ਲੈ ਕੇ ਪੰਜਾਬ ਦੀ ਸਿਆਸਤ ਵਿੱਚ ਤਕਰਾਰ ਤੇਜ਼ ਹੋਣ ਦੀ ਸੰਭਾਵਨਾ ਹੈ, ਕਿਉਂਕਿ ਨਸ਼ਿਆਂ ਦਾ ਮਸਲਾ ਸੂਬੇ ਵਿੱਚ ਲੰਬੇ ਸਮੇਂ ਤੋਂ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ।

### ਸ਼ੋਸ਼ਲ ਮੀਡੀਆ ਉਤੇ ਏਆਈ ਨਾਲ

# ਸਿੱਖ ਵਿਰੋਧੀ ਵੀਡੀਓ ਦਾ ਚਲਣ ਬੇਹੱਦ ਦੁਖਦਾਈ



N.C.R.B/ਐਨ.ਸੀ.ਆਰ.ਬੀ
I.I.F.-I /ਆਈ.ਆਈ.ਐਫ.-I

FIRST INFORMATION REPORT
(Under Section 173 B.N.S.S.)
(ਪਹਿਲੀ ਸੂਚਨਾ ਰਿਪੋਰਟ)

1. District: POLICE COMMISSIONERATE P.S.: Cyber Crime Police Station, Amritsar city Year: 2026
FIR No: 0007 Date & Time of FIR: 29/01/2026 17:49 hrs

2.

| S.No. | Acts | Sections |
|---|---|---|
| 1 | THE BHARATIYA NYAYA SANHITA (BNS), 2023 | 299 |
| 2 | THE BHARATIYA NYAYA SANHITA (BNS), 2023 | 353(2) |
| 3 | THE BHARATIYA NYAYA SANHITA (BNS), 2023 | 353(3) |

3. (a) Occurrence of offence:
1. Day: Intervening Day Date From: 28/01/2026 Date To: 29/01/2026
Time Period: Time From: 10:31 hrs Time To: 17:08 hrs
(b) Information received at P.S.: Date: 29/01/2026 Time: 17:18 hrs
(c) General Diary Reference: Entry No.: 012 Time: 29/01/2026 17:18:06 hrs
4. Type of information: Written
5. Place of Occurrence:
1. (a) Direction and distance from P.S: SOUTH-EAST, 6 Km(s) Beat No:
(b) Address: Shri Harmandir sahib complex, Amritsar
(c) In case, outside the limit of this Police Station, then
Name of P.S: District(State):
6. Complainant / Informant:
(a) Name: Teja Singh
(b) Father's/Mother's/Husband's Name:
(c) Date/Year of Birth: 1966 (d) Nationality: INDIA
(e) UID No:
(f) Passport No.:
Date of Issue: Place of Issue:
(g) Id details (Ration Card, Voter ID Card, Passport, UID No., Driving License, PAN)

| S.No. | Id Type | Id Number |
|---|---|---|

(h) Occupation:
(i) Address:

| S.No. | Address Type | Address |
|---|---|---|
| 1 | Present Address | Shri Harmandir sahib complex, UNKNOWN, Amritsar, DIVISION E, POLICE COMMISSIONERATE AMRITSAR, PUNJAB, INDIA |



| | | |
|---|---|---|
| 2 | Permanent Address | Shri Harmandir sahib complex, UNKNOWN, Amritsar, DIVISION E, POLICE COMMISSIONERATE AMRITSAR, PUNJAB, INDIA |

(j) Phone number: Mobile: 91-183253919
7. Details of known/suspected/unknown accused with full particulars:
Accused More Than:

| S.No. | Name | Alias | Relative's Name | Present Address | Permanent Address |
|---|---|---|---|---|---|
| 1 | Unknown1 | | | | |

8. Reasons for delay in reporting by the complainant/informant:
9. Particulars of properties of interest (Attach separate sheet, if necessary):

| S.No. | Property Category | Property Type | Nature Property | Description | Value(In Rs/-) |
|---|---|---|---|---|---|

10. Total value of property stolen (In Rs/-):
11. Inquest Report / U.D. case No., if any:

| S.No. | UIDB Number |
|---|---|

12. First Information contents (Attach separate sheet, if necessary):
ਦਰਖਾਸਤ ਨੰਬਰ 3871-CD1 ਮਿਤੀ 28-01-2026 To The Police Commissioner, Amritsar Commissionerate, Commissionerate Amritsar, Punjab Subject: Complaint regarding objectionable and blasphemous video shot in the Parikarma of Sri Darbar Sahib, Amritsar and circulated on Instagram-request for tracing original source, deletion of video and registration of FIR Respected Sir This is to bring to your kind notice a highly objectionable and offensive video circulating on social media, particularly Instagram, which has seriously hurt the religious sentiments of the Sikh community. The said video shows a haircut boy wearing shoes posing within the Parikarma of Sri Darbar Sahib, Sri Amritsar Sahib, which is strictly prohibited and against Sikh religious maryada. The video further depicts a black car entering the sacred Parikarma, after which the boy sits in the vehicle and leaves the premises. The Parikarma of Sri Darbar Sahib is a most sacred religious space, and such a depiction is deeply disrespectful, blasphemous, and unacceptable. It is pertinent to mention that the video has been re-shared by an Instagram page named "baba_manji_thok", thereby deliberately circulating and promoting objectionable content. Link to the objectionable video: https://www.instagram.com/reel/DUAZNhAkvco/?igsh=MTFwenYyNWhpZDJlaw== The creation and circulation of such content is a serious offence, capable of disturbing communal harmony and public order, besides hurting the religious feelings of the Sikh community. In view of the above, you are respectfully requested to: 1. Trace and identify the original creator/source of the said video. 2. Ensure the immediate removal/deletion of the video from the Instagram page baba_manji_thok and all other social media platforms. 3. Register an FIR against: The administrators of the Instagram page baba_manji thok for re-sharing the objectionable content. The original creator(s) of the blasphemous video. 4. Take strict legal action as per law to prevent the recurrence of such acts and to safeguard the sanctity of Sri Darbar Sahib. The Shiromani Gurdwara Parbandhak Committee trusts that the police administration will treat this matter with utmost seriousness and take prompt and appropriate action. Kindly acknowledge receipt of this complaint and inform about the action taken. Yours faithfully, Sd/Teja Singh Secretary, Shiromani Gurdwara parbandhak committee Sri harmander Sahib Complex Amritsar, Punjab ........ ਦਰਖਾਸਤ ਨੰਬਰ 4127 CD1 ਮਿਤੀ 29-01-2024 To The Police Commissioner, Amritsar Commissionerate, Amritsar, Punjab Subject: Complaint regarding objectionable and blasphemous AI-generated videos, misusing Sri Darbar Sahib on Instagram-request for deletion and registration of FIR Respected Sir, This is to bring to your kind notice that certain AI-generated videos circulating on Instagram have seriously hurt the religious sentiments of the Sikh community by misusing the sacred image of Sri Darbar Sahib (Sri Harmandir Sahib). One video depicts the AI-generated visual reconstruction of Sri Darbar Sahib, which is strictly prohibited as per Sikh religious maryada. Another highly objectionable video shows a couple engaging in indecent acts in front of Sri Darbar Sahib for promoting an adult video call application named "Zari." The use of the holiest Sikh shrine for such content is blasphemous and unacceptable. Links to the objectionable content are as under: (Media Files are attached, PFA) https://www.instagram.com/reel/DTpJER4E5BA/ https://www.instagram.com/p/DTVLNIZDHs The creation and circulation of such content is capable of disturbing communal harmony and public order and has caused widespread. resentment among the Sikh sangat. You are respectfully requested to: 1. Trace and identify the original creator(s) of the said videos. 2. Ensure immediate removal of the objectionable content from all social media platforms. 3. Register an FIR against the concerned creators, page administrators, and associated entities, and take strict legal action as per law. Kindly treat this matter as urgent and inform us about the action taken. [illegible] ASI [illegible] 3871-CD1 ਮਿਤੀ 28-01-2026 ਅਤੇ ਦਰਖਾਸਤ ਨੰਬਰ 4127 CD1 ਮਿਤੀ 29-01-2024 ਵੱਲੋਂ Secretary, Shiromani Gurdwara parbandhak committee, Teja Singh Samundri Hall, Sri hamander Sahib Complex Amritsar, Punjab [illegible] ASI [illegible] 3871-CD1 ਮਿਤੀ 28-01-2026 [illegible] baba_manji_thok [illegible] AI [illegible] 4127 CD1 ਮਿਤੀ 29-01-2024 [illegible] hum_s.a.t.a.r [illegible] AI [illegible]

1

ਸ਼ੋਸ਼ਲ ਮੀਡੀਆ ਉਤੇ ਏਆਈ ਨਾਲ ਸਿੱਖ ਵਿਰੋਧੀ ਵੀਡੀਓ ਦਾ ਚਲਣ ਬੇਹੱਦ ਦੁਖਦਾਈ ਹੈ, ਪਰੰਤੂ ਇਸ ਵਿਚ ਸਭ ਦੀ ਸਾਂਝੀ ਜਿੰਮੇਵਾਰੀ ਬਣਦੀ ਹੈ ਕਿ ਅਜਿਹੀਆਂ ਵੀਡੀਓ ਨੂੰ ਅੱਗੇ ਸਾਂਝਾ ਨਾ ਕੀਤਾ ਜਾਵੇ। ਸੰਗਤ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਏਆਈ ਤਕਨੀਕ ਨਾਲ ਤਿਆਰ ਕੀਤੀ ਵੀਡੀਓ ਜੋ ਸੋਸ਼ਲ ਮੀਡੀਆ ਤੇ ਪ੍ਰਚਾਰੀ ਜਾ ਰਹੀ ਹੈ, ਇਸ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਥਾਣਾ ਸਾਈਬਰ ਕਰਾਈਮ ਕੋਲ 29 ਜਨਵਰੀ 2026 ਨੂੰ ਐਫ ਆਈ ਆਰ ਦਰਜ ਕਰਵਾਈ ਜਾ ਚੁੱਕੀ ਹੈ। ਇਸ ਵੀਡੀਓ ਨੂੰ ਉਸ ਸ਼ਖਸ ਨੇ ਉਸੇ ਦਿਨ ਆਪਣੇ ਪੇਜ ਤੋਂ ਹਟਾ ਦਿੱਤਾ ਸੀ, ਪ੍ਰੰਤੂ ਕੁਝ ਲੋਕਾਂ ਵੱਲੋਂ ਇਸ ਨੂੰ ਮੁੜ ਆਪਣੇ ਸੋਸ਼ਲ ਮੀਡੀਆ ਖਾਤਿਆਂ ਤੋਂ ਸ਼ੇਅਰ ਕਰਕੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਅਜਿਹੇ ਮਾਮਲਿਆਂ ’ਤੇ ਲਗਾਤਾਰ ਨਜ਼ਰ ਰੱਖ ਰਹੀ ਹੈ ਅਤੇ ਸਿੱਖ ਧਰਮ ਖਿਲਾਫ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਖਿਲਾਫ਼ ਕਾਰਵਾਈ ਲਈ ਵੀ ਨਿਰੰਤਰ ਯਤਨਸ਼ੀਲ ਹੈ। ਸੰਗਤਾਂ ਨੂੰ ਵੀ ਅਪੀਲ ਹੈ ਕਿ ਅਜਿਹੀ ਕਿਸੇ ਵੀ ਵੀਡੀਓ ਨੂੰ ਸ਼ੇਅਰ ਜਾਂ ਕੁਮੈਂਟ ਨਾ ਕੀਤਾ ਜਾਵੇ ਜੋ ਧਾਰਮਿਕ ਭਾਵਨਾਵਾਂ ਦੇ ਵਿਰੁੱਧ ਹੋਵੇ।

# ਇਛਾ ਪੂਰਤੀ ਸ਼ਿਵ ਮੰਦਿਰ ਵਿਖੇ ਮਨਾਇਆ ਮਹਾਂ ਸ਼ਿਵਰਾਤਰੀ ਦਾ ਤਿਉਹਾਰ



**ਚੌਕ ਮਹਿਤਾ, 16 ਫਰਵਰੀ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਮਹਾਸ਼ਿਵਰਾਤਰੀ ਦਾ ਤਿਉਹਾਰ ਇਛਾ ਪੂਰਤੀ ਸ਼ਿਵ ਮੰਦਿਰ ਗੰਢਾ ਸਿੰਘ ਕਾਲੋਨੀ ਗਲੀ ਨੰਬਰ 6 ਤਰਨ ਤਾਰਨ ਰੋਡ ਵਿਖੇ ਪੰਡਿਤ ਧਰਮਪਾਲ, ਗੁਲਸ਼ਨ ਕੁਮਾਰ,ਆਰਵ,ਰਜਨੀ ਦੀ ਦੇਖਰੇਖ ਹੇਠ ਮਨਾਇਆ ਗਿਆ। ਇਸ ਮੌਕੇ ਆਈਆਂ ਸੰਗਤਾਂ ਵਲੋਂ ਭਗਵਾਨ ਭੋਲੇਨਾਥ ਜੀ ਦੇ ਭਜਨ ਗਾਇਨ ਕੀਤੇ ਅਤੇ ਇਸ ਮੌਕੇ ਵਿਸ਼ਾਲ ਲੰਗਰ ਅਤੁੱਟ ਵਰਤਾਇਆ ਗਿਆ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਪਹੁੰਚ ਕੇ ਭਗਵਾਨ ਭੋਲੇਨਾਥ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਰਾਜ ਕੁਮਾਰ,ਕਵਿਤਾ, ਪ੍ਰਿੰਕਾ,ਪੂਜਾ, ਸੰਦੀਪ, ਪ੍ਰਿਆ, ਰੋਹਨ,ਰੌਬਿਨ, ਮਨੋਜ, ਆਂਚਲ,ਰਾਜਵੀਰ,ਵੀਨਾ ਰਾਣੀ,ਚੰਦਨ ਵਿਵਾਂਨ ਮੁਸਕਾਨ,ਪਵਨ ਕੁਮਾਰ,ਨੰਦ,ਪ੍ਰਵੀਨ,ਸ਼ਵੇਤਾ,ਰਾਮ ਮਿਲਨ ਸਿੰਘ ਆਦਿ ਸੰਗਤਾਂ ਹਾਜ਼ਰ ਸਨ।

# ਆਮ ਆਦਮੀ ਪਾਰਟੀ ਮੋਗੇ ਦੀ ਰੈਲੀ ਵਿਚ ਸ਼ਾਮਿਲ ਹੋਣ ਸਮੇਂ ਬਲਜੀਤ ਸਿੰਘ ਸਰਾਂ




**ਚੌਕ ਮਹਿਤਾ, 16 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ ਆਮ ਆਦਮੀ ਪਾਰਟੀ ਦੀ ਵਿਸ਼ਾਲ ਰੈਲੀ ਵਿਚ ਸ਼ਾਮਿਲ ਹੋਣ ਲਈ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਐਸੀ ਸੈਲ ਪੰਜਾਬ ਦੇ ਜਨਰਲ ਸਕੱਤਰ ਸ, ਬਲਜੀਤ ਸਿੰਘ ਸਰਾਂ ਨੇ ਆਪਣੇ ਪਿੰਡ ਦੇ ਸੀਨੀਅਰ ਆਗੂਆਂ ਨੂੰ ਨਾਲ ਲੈਕੇ ਮੋਗੇ ਦੀ ਰੈਲੀ ਵਿਚ ਸ਼ਾਮਿਲ ਹੋਏ। ਉਨ੍ਹਾਂ ਨੇ ਕਿਹਾ ਕਿ ਰੈਲੀ ਬਹੁਤ ਵੱਡਾ ਇਕੱਠ ਹੋਇਆ ਇਸ ਰੈਲੀ ਵਿਚ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਨੇ ਨਸ਼ਿਆਂ ਦੇ ਵਿਰੁੱਧ ਇੱਕ ਸੋਹ ਚੁੱਕੀ ਅਤੇ ਲੋਕਾਂ ਨੂੰ ਵੀ ਸੋਹ ਚੁਕਾਈ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਵਿੱਚ ਨਸ਼ਿਆਂ ਦੀ ਜੜ ਵੱਢਣ ਦੀ ਸੋਹ ਚੁੱਕੀ। ਇਸ ਮੌਕੇ ਤੇ ਐਸੀ ਸੈਲ ਦੇ ਜਨਰਲ ਸਕੱਤਰ ਪੰਜਾਬ ਦੇ ਸ,ਬਲਜੀਤ ਸਿੰਘ ਸਰਾਂ, ਸਰਪੰਚ ਬਲਰਾਜ ਸਿੰਘ ਕੰਗ ਸਰਾਂ, ਮੈਂਬਰ ਸੁਖਦੀਪ ਸਿੰਘ ਕੰਗ ਸਰਾਂ, ਹਰਕੀਰਤ ਸਿੰਘ ਭੁੱਲਰ ਸਰਾਂ, ਗੁਰਨਿਸਾਨ ਸਿੰਘ ਸਰਾਂ, ਰਛਪਾਲ ਸਿੰਘ ਸਰਾਂ ਆਦਿ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦਾ ਜਥਾ ਹੁਸ਼ਿਆਰਪੁਰ ਤੋਂ ਸੰਗਰੂਰ ਰੈਲੀ ਲਈ ਹੋਇਆ ਰਵਾਨਾ

**ਹੁਸ਼ਿਆਰਪੁਰ, 16 ਫ਼ਰਵਰੀ, (ਆਵਾਜ਼ਿ ਕੌਮ ਬਿਊਰੋ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ ਦਾ ਇੱਕ ਜਥਾ ਜਥੇਬੰਦੀ ਦੇ ਦੋਆਬਾ ਜੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਦਸੂਹਾ, ਡੀ.ਟੀ.ਐੱਫ. ਦੇ ਸੂਬਾਈ ਆਗੂ ਮੁਕੇਸ਼ ਕੁਮਾਰ, ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਡਾ. ਸੰਜੀਵ ਕਲਸੀ ਅਤੇ ਬਲਜੀਤ ਸਿੰਘ ਮਹਿਮੋਵਾਲ ਆਦਿ ਆਗੂਆਂ ਦੀ ਅਗਵਾਈ ਹੇਠ ਸੰਗਰੂਰ ਰੈਲੀ ਲਈ ਰਵਾਨਾ ਹੋਇਆ। ਰਵਾਨਾ ਹੋਣ ਸਮੇਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਪੁਰਾਣੇ ਸਕੇਲ ਅਤੇ ਪੁਰਾਣੀ ਪੈਨਸ਼ਨ ਲਾਗੂ ਕਰਨ ਅਤੇ ਪੇਂਡੂ ਅਤੇ ਬਾਰਡਰ ਏਰੀਆ ਭੱਤਾ ਸਮੇਤ ਕੱਟੇ ਗਏ 37 ਕਿਸਮ ਦੇ ਭੱਤੇ ਤੇ ਪੈਂਡਿੰਗ 16% ਡੀ ਏ ਦੀਆਂ ਮੰਗਾਂ ਤੋਂ ਭਗੌੜਾ ਹੋ ਚੁੱਕੀ ਹੈ ਅਤੇ ਇਸ ਸਰਕਾਰ ਨੇ ਪੰਜਾਬ ਦੇ ਮੁਲਾਜ਼ਮਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੂਰੇ ਸਾਲ ਦੌਰਾਨ ਮਹਿੰਗਾਈ ਭੱਤੇ ਦੀ ਇੱਕ ਵੀ ਕਿਸ਼ਤ ਜਾਰੀ ਨਹੀਂ ਕੀਤੀ ਭਾਵੇਂ ਉਹ ਕੇਂਦਰ ਦੇ ਮੁਲਾਜ਼ਮਾਂ ਨਾਲੋਂ 16% ਮਹਿੰਗਾਈ ਭੱਤਾ ਘੱਟ ਲੈ ਰਹੇ ਹਨ। ਮੁਲਾਜ਼ਮ ਪੇਂਡੂ ਭੱਤੇ ਅਤੇ ਬਾਰਡਰ ਏਰੀਆ ਭੱਤੇ ਸਮੇਤ 37 ਕਿਸਮ ਦੇ ਭੱਤਿਆਂ ਦੇ ਬਿਨਾਂ ਕੰਮ ਕਰਦੇ ਹੋਏ ਕੇਂਦਰ ਦੇ ਮੁਲਾਜ਼ਮਾਂ ਤੋਂ ਤਨਖਾਹਾਂ ਵਿੱਚ ਪਛੜ ਗਏ ਹਨ। ਪੰਜਾਬ ਸਰਕਾਰ 17 ਜੁਲਾਈ 2020 ਜਾਂ ਇਸ ਤੋਂ ਬਾਅਦ ਹੋਈਆਂ ਭਰਤੀਆਂ ਵਾਲੇ ਮੁਲਾਜ਼ਮਾਂ ਨੂੰ ਅਧੂਰੇ ਕੇਂਦਰੀ ਸਕੇਲ ਦੇ ਕੇ ਉਨ੍ਹਾਂ ਦਾ ਆਰਥਿਕ ਸ਼ੋਸਣ ਕਰ ਰਹੀ ਹੈ। ਇਹਨਾਂ ਮੁਲਾਜ਼ਮਾਂ ਦੀ ਤਨਖਾਹ ਦਾ ਪੁਰਾਣੇ ਸਕੇਲਾਂ ਵਾਲੇ ਮੁਲਾਜ਼ਮਾਂ ਨਾਲੋਂ ਅੰਤਰ ਕਾਫ਼ੀ ਵੱਡਾ ਹੋ ਗਿਆ ਹੈ ਜੋ ਇੰਨ੍ਹਾਂ ਨੂੰ ਬਰਾਬਰ ਕੰਮ ਬਰਾਬਰ ਤਨਖਾਹ ਦੇ ਕਾਨੂੰਨ ਦੀ ਸਪਸ਼ਟ ਉਲੰਘਣਾ ਹੈ। ਪੰਜਾਬ ਸਰਕਾਰ ਪੰਜਾਬ ਪੇ ਸਕੇਲਾਂ ਸਬੰਧੀ ਆਏ ਅਦਾਲਤੀ ਫੈਸਲਿਆਂ ਨੂੰ ਟੇਡੇ ਢੰਗ ਨਾਲ ਲਾਗੂ ਕਰਦਿਆਂ ਸਮੁੱਚੇ ਰੂਪ ਵਿੱਚ ਛੇਵਾਂ ਪੰਜਾਬ ਪੇਅ ਕਮਿਸ਼ਨ ਸਮੇਤ 15% ਤਨਖ਼ਾਹ ਵਾਧੇ ਅਨੁਸਾਰ ਤਨਖਾਹਾਂ ਫਿਕਸ ਕਰਨ ਤੋਂ ਭੱਜ ਰਹੀ ਹੈ। ਪੰਜਾਬ ਸਰਕਾਰ ਵੱਲੋਂ 2022 ਵਿੱਚ ਪੁਰਾਣੀ ਪੈਨਸ਼ਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਦੇ ਬਾਵਜੂਦ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਨਹੀਂ ਕੀਤਾ ਗਿਆ, ਜਿਸ ਕਾਰਣ ਸਮੁੱਚਾ ਮੁਲਾਜ਼ਮ ਵਰਗ ਪੰਜਾਬ ਸਰਕਾਰ ਦੀਆ ਮੁਲਾਜ਼ਮ ਵਿਰੋਧੀ ਨੀਤੀਆ ਤੋ ਖਫ਼ਾ ਹੈ। ਰਵਾਨਗੀ ਸਮੇਂ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਪ੍ਰਵੀਨ ਸ਼ੇਰਪੁਰ, ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਜਸਵਿੰਦਰ ਝਿੰਗੜ, ਜੀਵਨ ਕੁਮਾਰ ਸੰਧੂ, ਰਾਜਵਿੰਦਰ ਸਿੰਘ ਬੁੱਢੀ ਪਿੰਡ, ਦਲਜੀਤ ਸਿੰਘ ਮੂਨਕ, ਕੁਲਵਿੰਦਰ ਸਿੰਘ ਲੋਧੀਚੱਕ, ਬਲਜੀਤ ਸਿੰਘ ਬੋੜਾ, ਗੁਰਪ੍ਰੀਤ ਸਿੰਘ, ਜਰਨੈਲ ਸਿੰਘ ਸੀਕਰੀ,ਗੁਰਪ੍ਰੀਤ ਸਿੰਘ, ਮਨਜਿੰਦਰ ਕੁਮਾਰ, ਨਰਿੰਦਰ ਕੁਮਾਰ, ਸੰਦੀਪ ਕੁਮਾਰ, ਸੰਜੀਵ ਕੁਮਾਰ ਅਤੇ ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।